ਸਪੈਸ਼ਲ ਐਤਵਾਰ

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼
ਲੋਕ ਬਾਣੀ
ਐਤਵਾਰ, 19 ਜੂਨ 2022

dailylokbani
Email : lokbani08@gmail.com




# ਚੁਗਲਖੋਰਾਂ ਤੋਂ ਰਹੋ ਸਦਾ ਸੁਚੇਤ

ਸਾਡੀਆਂ ਅੱਖਾਂ ਅੱਗੇ ਆ ਜਾਂਦੀ ਹੈ ਇਹ ਸ਼ਬਦ ਸਾਡੀ ਸੋਚ ਨੂੰ ਵੀ ਝਟਕਾ ਜਿਹਾ ਦੇ ਜਾਂਦਾ ਹੈ ਸੋਚਣ ਵਾਲੀ ਇਹ ਗੱਲ ਹੈ ਕਿ ਇਹ ਚੁਗਲੀਆਂ ਹੈ ਕਿਸ ਬਲਾ ਦਾ ਨਾਂ ਜਿਹੜੀਆਂ ਵਸਦੇ ਘਰਾਂ ਨੂੰ ਉਜਾੜਨ ਦੀ ਸਮਰੱਥਾ ਵੀ ਰੱਖਦੀਆਂ ਹਨ ਤੇ ਗੂੜ੍ਹੀਆਂ ਸਾਂਝਾਂ ਨੂੰ ਸਦੀਵੀ ਨਫ਼ਰਤ ਵਿਚ ਬਦਲ ਦੇਣ ਦਾ ਕਾਰਨ ਵੀ ਬਣਦੀਆਂ ਹਨ 'ਰਾਈ ਤੋਂ ਪਹਾੜ ਬਣਾਉਣਾ' ਤੇ 'ਖੰਭਾਂ ਤੋਂ ਡਾਰਾਂ ਬਣਾਉਣੀਆਂ' ਵੀ ਮੈਨੂੰ ਤਾਂ ਚੁਗਲੀ ਦਾ ਦੂਜਾ ਰੂਪ ਹੀ ਜਾਪਦਾ ਹੈ ਇਹਦੇ ਬਾਰੇ ਜੇ ਘੋਖ-ਪੜਤਾਲ ਕੀਤੀ ਜਾਵੇ ਤਾਂ ਚੁਗਲੀ ਵੀ ਸੱਚਮੁੱਚ ਹੀ ਰਾਈ ਦੇ ਦਾਣੇ ਜਿੰਨੀ ਹੋਂਦ ਵਾਲੀ ਹੁੰਦੀ ਹੈ ਜਾਂ ਖੰਭ ਨਾਲੋਂ ਵੀ ਹਲਕੀ ਗੱਲ ਹੁੰਦੀ ਹੈ ਪਰ ਅੱਗੇ ਤੋਂ ਅੱਗੇ ਤੁਰਦੀ ਇਹ ਬੜਾ ਵਿਕਰਾਲ ਰੂਪ ਧਾਰ ਲੈਂਦੀ ਹੈ।

ਉਂਜ ਤਾਂ ਅੱਜ ਕਿਸੇ ਕੋਲ ਰਲ਼ ਬੈਠਣ ਦਾ ਸਮਾਂ ਹੀ ਨਹੀਂ ਪਰ ਫਿਰ ਵੀ ਜਦੋਂ ਕਦੇ ਅਸੀਂ ਮਿਲ ਬੈਠਦੇ ਹਾਂ, ਭਾਵੇਂ ਔਰਤਾਂ ਹੋਣ ਜਾਂ ਮਰਦ, ਕੋਈ ਕੁਲੀਗ ਹੋਣ ਜਾਂ ਗੁਆਂਢੀ ਅਤੇ ਰਿਸ਼ਤੇਦਾਰ ਹੋਣ ਜਾਂ ਕੇਵਲ ਪਰਿਵਾਰ ਦੇ ਜੀਅ, ਗੱਲਾਂ-ਬਾਤਾਂ ਤਾਂ ਘਰੇਲੂ ਵੀ ਹੋ ਸਕਦੀਆਂ ਹਨ ਤੇ ਸਮਾਜਕ ਜਾਂ ਭਾਈਚਾਰਕ ਵੀ ਹੋ ਸਕਦੀਆਂ ਹਨ ਬੁੱਧੀ ਜੀਵੀ ਰਲ ਬੈਠਦੇ ਹਨ ਤਾਂ ਇਹ ਗੱਲਾਂ ਸਾਹਿਤ ਤੋਂ ਲੈ ਕੇ ਵਿਸ਼ਵ ਪੱਧਰ ਤਕ ਦੀਆਂ ਵੀ ਹੋ ਸਕਦੀਆਂ ਹਨ ਭਾਵੇਂ ਬਹੁਤਾ ਬੋਲਣ ਵਾਲੇ ਨੂੰ ਮੂਰਖ ਵੀ ਕਹਿ ਦਿੱਤਾ ਜਾਂਦਾ ਹੈ ਪਰ ਚੁੱਪ ਕੀਤੇ ਬੰਦੇ ਜਨਾਨੀ ਨੂੰ ਵੀ ਨਹੀਂ ਬਖ਼ਸ਼ਿਆ ਜਾਂਦਾ ਖ਼ੈਰ, ਗੱਲਾਂ ਕਰਦਿਆਂ ਸਰਸਰੀ ਗੱਲਾਂ ਵੀ ਹੁੰਦੀਆਂ ਹਨ, ਕਿਸੇ ਦੀ ਉਸਤਤ ਵੀ ਹੁੰਦੀ ਹੈ ਤੇ ਕਿਸੇ ਦੀ ਨਿੰਦਿਆ ਵੀ ਇਹ ਮਨੁੱਖੀ ਸੁਭਾਅ ਦੀ ਫ਼ਿਤਰਤ ਹੀ ਆਖੀ ਜਾ ਸਕਦੀ ਹੈ ਕਈ ਵਾਰ ਗੱਲ ਕਰਨ ਵਾਲਾ ਸਹਿਜ ਮਤੇ ਦੀ ਕੋਈ ਗੱਲ ਕਰਦਾ ਹੈ ਤੇ ਭੁੱਲ-ਭੁਲਾ ਵੀ ਜਾਂਦਾ ਹੈ ਪਰ ਉਸ ਨੂੰ ਉਦੋਂ ਹੀ ਪਤਾ ਲੱਗਦਾ ਹੈ ਜਦੋਂ ਕੋਈ ਚੁਗਲ ਜਾਂ ਚੁਗਲਖ਼ੋਰ ਆਪਣੀ ਕਲਾ ਵਰਤਾ ਦਿੰਦਾ ਹੈ ਤੇ ਉਸ 'ਭੁੱਲਣਹਾਰੇ' ਨੂੰ ਚੁਗਲਖ਼ੋਰ ਦੀ ਬਦੌਲਤ ਕਿਸੇ ਦੇ ਗੁੱਸੇ ਦਾ ਸ਼ਿਕਾਰ ਹੋਣਾ ਪੈਂਦਾ ਹੈ ਤੇ ਕੌੜੇ-ਕੁਸੈਲੇ ਬੋਲਾਂ ਦਾ ਵਾਰ ਸਹਿਣਾ ਪੈਂਦਾ ਹੈ ਤੇ ਪੁੱਛਦਾ ਹੈ ਕਿ ਕੀ ਗੱਲ ਹੈ? ਕੋਈ ਕਾਰਨ ਤਾਂ ਦੱਸੋ ਤੁਸੀਂ ਕਿਉਂ ਮੇਰੇ ਗਲ਼ ਪੈ ਰਹੇ ਹੋ? ਅੱਗੋਂ ਅਗਲਾ ਜੁਆਬ ਦਿੰਦਾ ਹੈ ਕਿ ਗੱਲ ਉਸੇ ਨੂੰ ਪੁੱਛੀਂ ਜੀਹਦੇ ਕੋਲ ਸਾਡੀਆਂ ਚੁਗਲੀਆਂ ਕੀਤੀਆਂ ਨੇ ਮਾਮੂਲੀ ਜਿਹੀ ਗੱਲ ਨੂੰ ਲੈ ਕੇ ਦੋਨਾਂ ਧਿਰਾਂ ਵਿਚ ਤਕਰਾਰ ਤੇ ਲੜਾਈ-ਝਗੜੇ ਦੀ ਨੌਬਤ ਆ ਜਾਂਦੀ ਹੈ ਸਮਝਦਾਰ ਤੇ ਠਰੰਮੇ ਵਾਲੇ ਸੁਭਾਅ ਦੇ ਮਾਲਕ ਤਾਂ ਆਪਸ ਵਿਚ ਗੱਲ ਦਾ ਨਿਪਟਾਰਾ ਕਰ ਲੈਂਦੇ ਹਨ ਕਿ ਗੱਲ ਸੁਭਾਇਕੀ ਹੋਈ ਸੀ ਕਿਸੇ ਦੁਰ ਭਾਵਨਾ ਅਧੀਨ ਨਹੀਂ ਉਹ ਆਪਸ ਵਿਚ ਫ਼ਰਕ ਨਹੀਂ ਪਾਉਂਦੇ ਬਲਕਿ ਉਸ ਚੁਗਲਖ਼ੋਰ ਦੀ ਝਾੜ-ਝੰਬ ਵੀ ਕਰਦੇ ਹਨ

ਇਸ ਦੇ ਉਲਟ ਜੇ ਕਿਸੇ ਨੇ ਕਿਸੇ ਬਾਰੇ ਕੋਈ ਗੱਲ ਕੀਤੀ ਹੋਵੇ ਭਾਵੇਂ ਸੱਚੀ ਹੀ ਹੋਵੇ ਜਾਂ ਕਿਸੇ ਬਾਰੇ ਮੰਦੇ-ਫਿੱਕੇ ਬੋਲ ਬੋਲੇ ਹੋਣ ਤੇ ਵਿਚ ਬੈਠ ਕੇ ਗੱਲਾਂ ਕਰਨ ਵਾਲਾ ਆਪਣੀ ਆਦਤ ਪੂਰੀ ਕਰਦਿਆਂ ਸਬੰਧਤ ਵਿਅਕਤੀ ਨੂੰ ਜਾ ਦੱਸਦਾ ਹੈ ਕਈ ਵਾਰ ਗੱਲ ਕਰਨ ਵਾਲਾ ਕੇਵਲ ਉਸ ਨੂੰ ਵਿਸ਼ਵਾਸ ਪਾਤਰ ਸਮਝ ਕੇ ਹੀ ਆਪਣਾ ਦੁੱਖ-ਸੁੱਖ ਕਰਦਾ ਹੈ ਪਰ ਉਸ ਨੂੰ ਇਹ ਪੁੱਠਾ ਪੈ ਜਾਂਦਾ ਹੈ

ਜੇ ਗੱਲ ਪਰਿਵਾਰਕ ਹੋਵੇ ਤਾਂ ਘਰ-ਪਰਿਵਾਰ ਵਿਚ ਲੜਾਈ-ਝਗੜਾ ਹੁੰਦਾ ਹੈ ਤੇ ਕਈ ਵਾਰ ਨੌਬਤ ਘਰ ਟੁੱਟਣ ਤਕ ਆ ਜਾਂਦੀ ਹੈ ਘਰ ਦੇ ਜੀਅ ਅਲੱਗ ਹੋ ਜਾਂਦੇ ਹਨ ਰਿਸ਼ਤੇਦਾਰਾਂ ਜਾਂ ਗੁਆਂਢੀਆਂ ਨਾਲ ਬਹੁਤ ਵਾਰ ਕਿਸੇ ਚੁਗਲ ਦੀ ਬਦੌਲਤ ਉਮਰਾਂ ਦੇ ਤੋੜ ਵਿਛੋੜੇ ਵੀ ਹੋ ਜਾਂਦੇ ਹਨ ਪਰ ਅਫ਼ਸੋਸ, ਉਹ ਨਾ-ਸਮਝ ਲੋਕਾਂ ਨੂੰ ਚੁਗਲਖ਼ੋਰ ਮੂਰਖ ਬਣਾਉਂਦਾ ਰਹਿੰਦਾ ਹੈ ਤੇ ਦੋਵਾਂ ਧਿਰਾਂ ਨਾਲ ਬਣਾ ਕੇ ਰੱਖਦਾ ਹੈ ਅਜਿਹੇ ਕਿਰਦਾਰ ਵਾਲੇ ਲੋਕਾਂ ਨੂੰ 'ਅੱਗ ਲਾਊ ਤੇਲ ਪਾਊ' ਵੀ ਕਿਹਾ ਜਾਂਦਾ ਹੈ ਤੇ 'ਅੱਗ ਲਾਈ ਡੱਬੂ ਕੰਧ 'ਤੇ' ਵੀ ਕਿਹਾ ਜਾਂਦਾ ਹੈ ਦੂਜੇ ਦੇ ਘਰ 'ਚ ਅੱਗ ਲਾਉਣ ਵਾਲੇ ਅਜਿਹੇ ਬੰਦੇ ਦੇ ਆਪਣੇ ਘਰ ਕੋਈ ਚਿਣਗ ਡਿੱਗਦੀ ਹੈ ਤਾਂ ਉਸ ਨੂੰ ਬੜਾ ਸੇਕ ਲੱਗਦਾ ਹੈ ਪਰ ਇਹ ਲੋਕ ਸਮਝਣ ਵਾਲੇ ਨਹੀਂ ਹੁੰਦੇ।



ਚੁਗਲਾਂ ਦੀ ਸਭ ਤੋਂ ਮਾੜੀ ਤੇ ਖ਼ਤਰਨਾਕ ਕਿਸਮ ਘਰੇਲੂ ਚੁਗਲ ਹੁੰਦੇ ਹਨ ਜੋ ਆਪਣੇ ਘਰ ਦੀਆਂ ਗੱਲਾਂ ਦੂਜਿਆਂ ਨੂੰ ਦੱਸਦੇ ਹਨ ਘਰ 'ਚ ਆਮ ਤੌਰ 'ਤੇ ਹੀ ਨਿੱਕੀ-ਮੋਟੀ ਗੱਲ ਹੁੰਦੀ ਰਹਿੰਦੀ ਹੈ ਘਰ 'ਚ ਨੂੰਹ ਜਾਂ ਸੱਸ ਵੀ ਕਈ ਵਾਰ ਇਹ ਮੂਰਖਤਾ ਕਰਦੀਆਂ ਹਨ ਅੱਜ ਦੀਆਂ ਚਤਰ ਨੂੰਹਾਂ, ਸੱਸ ਜਾਂ ਪਰਿਵਾਰ ਦਾ ਹੋਰ ਕੋਈ ਮੈਂਬਰ ਕਿਸੇ ਨਾਲ ਜੇ ਕਿਸੇ ਰਿਸ਼ਤੇਦਾਰ ਦੀ ਕੋਈ ਆਮ ਜਿਹੀ ਗੱਲ ਵੀ ਕਰਦਾ ਹੈ ਤਾਂ ਉਹਲੇ-ਚੋਰੀਂ ਆਪਣੇ ਫ਼ੋਨ 'ਚ ਰਿਕਾਰਡ ਕਰ ਲੈਂਦੀਆਂ ਹਨ ਅਸਲ ਵਿਚ ਘਰ ਦੀਆਂ ਔਰਤਾਂ ਇਹ ਨਹੀਂ ਸੋਚਦੀਆਂ ਕਿ ਇਹ ਘਰ ਸਾਡਾ ਹੈ, ਇਸ ਘਰ ਦੀ ਇੱਜ਼ਤ ਸਾਡੀ ਇੱਜ਼ਤ ਹੈ ਕਈ ਨੇੜਲੇ ਰਿਸ਼ਤੇਦਾਰ ਹੀ ਏਧਰ-ਉਧਰ ਗੱਲਾਂ ਕਰਕੇ ਕਿਸੇ ਦੀ ਸੁਖੀ ਵਸਦੀ ਗ੍ਰਹਿਸਥੀ ਉਜਾੜ ਦੇਂਦੇ ਹਨ ਉਹ ਆਉਂਦੇ ਜਾਂਦੇ ਹੀ ਚੁਗਲੀਆਂ ਕਰਦੇ ਹਨ ਅਜਿਹੇ ਰਿਸ਼ਤੇਦਾਰਾਂ ਤੋਂ ਸਾਨੂੰ ਸੁਚੇਤ ਰਹਿਣਾ ਚਾਹੀਦਾ ਹੈ ਤੇ ਜੇ ਉਹ ਘਰ ਵਿਚ ਬਹੁਤੀ ਦਖ਼ਲਅੰਦਾਜ਼ੀ ਕਰਨ ਤਾਂ ਉਨ੍ਹਾਂ ਤੋਂ ਕਿਨਾਰਾ ਕਰ ਲੈਣਾ ਹੀ ਅਕਲਮੰਦੀ ਹੈ।

ਕਈ ਘਰਾਂ 'ਚ ਵੱਡਿਆਂ ਦੀ ਦੇਖਾ-ਦੇਖੀ ਬੱਚੇ ਵੀ ਚੁਗਲੀਆਂ ਕਰਨੀਆਂ ਸਿੱਖ ਜਾਂਦੇ ਹਨ, ਜੋ ਉਨ੍ਹਾਂ ਦੀ ਆਉਣ ਵਾਲੀ ਜ਼ਿੰਦਗੀ ਲਈ ਬਹੁਤ ਖ਼ਤਰਨਾਕ ਸਿੱਧ ਹੁੰਦੀਆਂ ਹਨ ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਔਰਤਾਂ ਨੂੰ ਚੁਗਲੀਆਂ ਕਰਨ ਦੀ ਜ਼ਿਆਦਾ ਆਦਤ ਹੁੰਦੀ ਹੈ ਇਸ ਦਾ ਕਾਰਨ ਇਹ ਹੋ ਸਕਦਾ ਹੈ ਪਿਛਲੇ ਔਰਤਾਂ ਕੋਲ ਵਿਹਲਾ ਸਮਾਂ ਵੀ ਹੁੰਦਾ ਸੀ ਤੇ ਰਲ ਕੇ ਵੀ ਬੈਠਦੀਆਂ ਸਨ ਸੋ ਗੱਲਾਂ 'ਚੋਂ ਗੱਲਾਂ ਨਿਕਲ ਜਾਂਦੀਆਂ ਸਨ ਪਰ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਇਸ ਮਾਮਲੇ ਵਿਚ ਮਰਦ ਦੁੱਧ ਧੋਤੇ ਹਨ ਉਹ ਚੁਗਲੀਆਂ ਨਹੀਂ ਕਰਦੇ ਕਈ ਮਰਦ ਤਾਂ ਇਸ ਕਲਾ ਵਿਚ ਔਰਤਾਂ ਨੂੰ ਵੀ ਪਿਛਾੜ ਦੇਂਦੇ ਹਨ ਸੋਚਣ ਵਾਲੀ ਗੱਲ ਹੈ ਕਿ ਚੁਗਲੀਆਂ ਤੇ ਗੱਲਾਂ ਵਿਚ ਵੀ ਅੰਤਰ ਹੈ? ਜਦੋਂ ਦੋ-ਚਾਰ ਜਣੇ ਜਾਂ ਦੋ ਜਣੇ ਹੀ ਮਿਲਦੇ ਹਨ ਤਾਂ ਬਾਪੂ ਗਾਂਧੀ ਦੇ ਬਾਂਦਰਾਂ ਵਾਂਗੂ ਮੂੰਹ 'ਤੇ ਜਾਂ ਕੰਨਾਂ 'ਤੇ ਹੱਥ ਰੱਖ ਕੇ ਤਾਂ ਬੈਠ ਨਹੀਂ ਸਕਦੇ ਗੱਲਾਂ-ਬਾਤਾਂ ਤਾਂ ਅਕਸਰ ਹੁੰਦੀਆਂ ਹਨ ਇਨ੍ਹਾਂ ਗੱਲਾਂ ਵਿੱਚੋਂ ਕੋਈ ਬਿਮਾਰ ਮਾਨਸਿਕਤਾ ਵਾਲਾ ਜਾਂ ਆਦਤ ਤੋਂ ਮਜਬੂਰ ਬੰਦਾ ਕੁਝ ਗੱਲਾਂ 'ਚੁਗ' ਲੈਂਦਾ ਹੈ ਤੇ ਪੱਲੇ ਬੰਨ੍ਹ ਲੈਂਦਾ ਹੈ ਉਹ ਕਈ ਵਾਰ ਜਿਉਂ ਦੀਆਂ ਤਿਉਂ ਜਾਂ ਕੋਲੋਂ ਕੁਝ ਮਸਾਲਾ ਲਾ ਕੇ ਸਬੰਧਤ ਵਿਅਕਤੀ ਨੂੰ ਜਾ ਦੱਸਦਾ ਹੈ ਜੋ ਗੱਲਾਂ ਉਸ ਨੇ ਚੁਗ ਲਈਆਂ ਹੁੰਦੀਆਂ ਹਨ ਜਾਂ ਸੰਖੇਪ ਵਿਚ ਚੁਗਲੀਆਂ ਹੁੰਦੀਆਂ ਹਨ ਬਸ ਮੇਰੇ ਖ਼ਿਆਲ ਵਿਚ ਉਹੋ ਚੁਗੀਆਂ ਹੋਈਆਂ ਗੱਲਾਂ 'ਚੁਗਲੀਆਂ' ਬਣ ਜਾਂਦੀਆਂ ਹਨ ਚੁਗਲਖ਼ੋਰ ਸਬੰਧਤ ਧਿਰਾਂ ਦਾ ਸਿਰ ਪੜਵਾ ਕੇ ਤਮਾਸ਼ਾ ਦੇਖਦਾ ਹੈ।

ਕਈ ਲੋਕ ਤਾਂ ਜਨਮ-ਜਾਤ ਚੁਗਲ ਹੁੰਦੇ ਹਨ ਤੇ ਉਹ ਚੁਗਲੀਆਂ ਦਾ ਖੱਟਿਆ ਹੀ ਖਾਂਦੇ ਹਨ ਪਰ ਜਦੋਂ ਉਨ੍ਹਾਂ ਦੀ ਪੋਲ ਖੁੱਲ੍ਹਦੀ ਹੈ ਤਾਂ ਉਹ ਲੋਕਾਂ ਤੋਂ ਜੁੱਤੀਆਂ ਤੇ ਫਿਟਕਾਰਾਂ ਵੀ ਖਾਂਦੇ ਹਨ ਸਾਨੂੰ ਚਾਹੀਦਾ ਹੈ ਕਹਿਣ ਵਾਲੀ ਗੱਲ ਸੱਚੀ ਤੇ ਸਪੱਸ਼ਟ ਆਪ ਹੀ ਸਬੰਧਤ ਵਿਅਕਤੀ ਨੂੰ ਸੁਚੱਜੇ ਢੰਗ ਨਾਲ ਕਹਿ ਜਾਂ ਸਮਝਾ ਦਿਓ ਬਸ਼ਰਤੇ ਕਿ ਕੋਈ ਦੂਜਾ ਉਸ ਨੂੰ ਚੁਗ ਕੇ ਚੁਗਲੀ ਬਣਾ ਕੇ ਕਿਸੇ ਨੂੰ ਦੱਸੇ ਕਦੇ ਕੋਈ ਗ਼ਲਤਫਹਿਮੀ ਹੋਵੇ ਤਾਂ ਆਪਸ 'ਚ ਮਿਲ ਕੇ ਦੂਰ ਕਰ ਲੈਣੀ ਚਾਹੀਦੀ ਹੈ ਕਿਸੇ ਦੀ ਸੁਣੀ-ਸੁਣਾਈ ਗੱਲ ਤੋਂ ਤੈਸ਼ 'ਚ ਆ ਕੇ ਦੂਜੇ ਨੂੰ ਉੱਚਾ-ਨੀਵਾਂ ਬੋਲ ਕੇ ਗੱਲ ਨਹੀਂ ਵਧਾਉਣੀ ਚਾਹੀਦੀ ਚੁਗਲਖ਼ੋਰਾਂ ਤੋਂ ਹਮੇਸ਼ਾ ਸੁਚੇਤ ਰਹਿਣਾ ਚਾਹੀਦਾ ਹੈ।



## ਇਤਿਹਾਸ

ਸੂਰਮਿਆਂ ਵਾਲੀ ਮਰੂ ਮੌਤ ਮਿੱਠੀਏ
ਜਾਉ ਇਤਿਹਾਸ ਵਿਚ ਨਾਮ ਲਿਖਿਆ
ਹਿੱਕ ਵਿਚ ਵੱਜਣੀਆਂ ਗੋਲੀ ਜੱਟ ਦੇ
ਰਾਤੀਂ ਮੈਨੂੰ ਸੁਪਨੇ ਦੇ ਵਿੱਚ ਦਿਸਿਆ
ਕਾਲੇ ਧਾਗੇ ਨਾਲ ਨਹੀਂ ਮੌਤ ਰੁਕਣੀ
ਸਿਰ ਉੱਤੇ ਨਾਗ ਵਾਂਗੂੰ ਮੇਹਲੇ ਜੱਟ ਦੇ
ਜੰਨ ਵਾਂਗ ਹੋਊਗਾ ਜਨਾਜ਼ੇ ਉੱਤੇ ਇਕੱਠ
ਕਬਰ ਤੇ ਲੱਗਣਗੇ ਮੇਲੇ ਜੱਟ ਦੇ

ਫੈਨ ਮੇਰੇ ਰੱਬ ਵਾਂਗੂ ਪੂਜਣਗੇ ਮੈਨੂੰ
ਗੀਤ ਮੇਰੇ ਵੱਜਣੇ ਰਿਪੀਟ ਮਿੱਠੀਏ
ਟੌਪ ਉਤੇ ਰਹੂ ਤੇਰਾ ਜੱਟ ਮੂਸੇਵਾਲਾ
ਭਾਵੇਂ ਜਾਵੇ ਅੱਜ ਅੱਖਾਂ ਮੀਟ ਮਿੱਠੀਏ
ਕੀਤੀ ਬਦਨਾਮੀ ਮੇਰੀ ਰੱਜ ਰੱਜ
ਕਈਆਂ ਨੇ ਖ਼ਿਲਾਫ਼ ਖੇਲ ਖੇਲੇ ਜੱਟ ਦੇ
ਜੰਨ ਵਾਂਗੂੰ ਹੋਊਗਾ ਜਨਾਜ਼ੇ ਉੱਤੇ ਇਕੱਠ
ਕਬਰ ਤੇ ਲੱਗਣਗੇ ਮੇਲੇ ਜੱਟ ਦੇ

ਉਮਰ ਤੋਂ ਦੂਣਾ ਹੋਇਆ ਵੇਖ ਰੁਤਬਾ
ਲੱਗਦਾ ਨਹੀਂ 28ਮਾਂ ਮੈਂ ਸਾਲ ਟੱਪਦਾ
ਹੇਟ ਮਿਲੇ ਭਾਵੇਂ ਮਿਲੇ 295
ਹੁਣ ਤੇਰਾ ਜੱਟ ਨੀ ਪਿਛਾਂਹ ਹਟਦਾ
ਖੇਡਦੇ ਨੇ ਬਿੱਲੋ ਰਾਜਨੀਤੀਆਂ
ਨੀ ਜੱਟ ਦੇ ਖਿਲਾਫ ਹੁਣ ਚੇਲੇ ਜੱਟ ਦੇ
ਜੰਨ ਵਾਂਗ ਹੋਊਗਾ ਜਨਾਜ਼ੇ ਉੱਤੇ ਇਕੱਠ
ਕਬਰ ਲੱਗਣਗੇ ਮੇਲੇ ਜੱਟ ਦੇ

ਥਾਪੀ ਵੇਖ ਹੋ ਗਈ ਮਸ਼ਹੂਰ ਜੱਟ ਦੀ
ਕਰਦੀ ਸਟਾਈਲ ਮੇਰਾ ਕਾਪੀ ਦੁਨੀਆ
ਜਿਨ੍ਹਾਂ ਨੂੰ ਲੈਂਗਵੇਜ ਆਉਂਦੀ ਨ੍ਹੀਂ ਸਮਝ
ਉਨ੍ਹਾਂ ਨੇ ਵੀ ਬਿੱਲੋ ਮੇਰਾ ਗੀਤ ਸੁਣਿਆ
ਕੋਈ ਵੀਰਪਾਲ ਗੱਲਬਾਤ ਖਾਸ ਆ
ਐਵੇਂ ਗਲ ਪਏ ਨੀ ਝਮੇਲੇ ਜੱਟ ਦੇ
ਜਨ ਮੰਗ ਹੋਊਗਾ ਜਨਾਜ਼ੇ ਉੱਤੇ ਇਕੱਠ
ਕਬਰ ਤੇ ਲੱਗਣਗੇ ਮੇਲੇ ਜੱਟ ਦੇ



ਵੀਰਪਾਲ ਕੌਰ ਭੱਠਲ

ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਐਤਵਾਰ, 19 ਜੂਨ 2022 ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)

ਇਸ਼ਤਿਹਾਰ ਲਵਾਓ ਵਪਾਰ ਵਧਾਓ ਰੋਜ਼ਾਨਾ ਲੋਕ ਬਾਣੀ ਅਖਬਾਰ ਵਿਚ ਸੰਪਰਕ ਕਰੋ
0181-2211009
Newslokbani@gmail.com

R.N.I. Punpun/29016/2008 ✲ ਸਾਲ : 14 ✲ ਅੰਕ : 456 ✲ ਮੁੱਲ : 5.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111

# ਅਗਨੀਪਥ ਦੇ ਖਿਲਾਫ਼ ਭੜਕੀ ਹਿੰਸਾ ਪੰਜਾਬ ਤੇ ਹਰਿਆਣਾ ਪਹੁੰਚੀ

**ਚੰਡੀਗੜ੍ਹ/ਲੋਕ ਬਾਣੀ**

ਫੌਜ ਵਿੱਚ ਭਰਤੀ ਸਬੰਧੀ ਅਗਨੀਪਥ ਯੋਜਨਾ ਖ਼ਿਲਾਫ਼ ਅੱਜ ਹਰਿਆਣਾ ਤੇ ਪੰਜਾਬ ਵਿੱਚ ਵੀ ਰੋਸ ਪ੍ਰਦਰਸ਼ਨ ਹੋਏ ਹਨ ਵੇਰਵਿਆਂ ਅਨੁਸਾਰ ਹਿੰਸਕ ਪ੍ਰਦਰਸ਼ਨਕਾਰੀਆਂ ਨੇ ਹਰਿਆਣਾ ਦੇ ਮਹਿੰਦਰਗੜ੍ਹ ਰੇਲਵੇ ਸਟੇਸ਼ਨ ਦੇ ਬਾਹਰ ਇਕ ਵਾਹਨ ਨੂੰ ਅੱਗ ਲਗਾ ਦਿੱਤੀ ਅਤੇ ਲੁਧਿਆਣਾ ਦੇ ਰੇਲਵੇ ਸਟੇਸ਼ਨ ਵਿੱਚ 50 ਮੁਜ਼ਾਹਰਾਕਾਰੀ ਦਾਖਲ ਹੋ ਗਏ ਤੇ ਰੇਲਵੇ ਦੀ ਸੰਪਤੀ ਦੀ ਭੰਨ ਤੋੜ ਕੀਤੀ ਇਨ੍ਹਾਂ ਪ੍ਰਦਰਸ਼ਨਕਾਰੀਆਂ ਨੇ ਆਪਣੇ ਮੂੰਹ ਢਕੇ ਹੋਏ ਸਨ ਤੇ ਕਈਆਂ ਨੇ ਹੱਥਾਂ ਵਿੱਚ ਲਾਠੀਆਂ ਫੜੀਆਂ ਹੋਈਆਂ ਸਨ ਪ੍ਰਦਰਸ਼ਨਕਾਰੀਆਂ ਨੇ ਖਿੜਕੀਆਂ ਦੇ ਸ਼ੀਸ਼ੇ ਭੰਨੇ ਅਤੇ ਟਿਕਟ ਕਾਊਂਟਰ ਨੂੰ ਵੀ ਨੁਕਸਾਨ ਪਹੁੰਚਾਇਆ ਪੁਲੀਸ ਅਨੁਸਾਰ ਪ੍ਰਦਰਸ਼ਨਕਾਰੀ ਮੰਗ ਕਰ ਰਹੇ ਸਨ ਕਿ ਫੌਜ ਵਿੱਚ ਭਰਤੀ ਸਬੰਧੀ ਪਹਿਲਾਂ ਵਾਲੀ ਹੀ ਨੀਤੀ ਹੀ ਅਪਣਾਈ ਜਾਵੇ।




# ਕਾਬੁਲ ਦੇ ਗੁਰਦੁਆਰਾ ਸਾਹਿਬ ’ਤੇ ਅੱਤਿਵਾਦੀ ਹਮਲਾ

**ਨਵੀਂ ਦਿੱਲੀ/ਲੋਕ ਬਾਣੀ**


ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਦੇ ਗੁਰਦੁਆਰੇ ‘ਕਰਤੇ ਪ੍ਰਵਾਨ’ ਵਿੱਚ ਅੱਜ ਸਵੇਰੇ ਆਈਐੱਸਆਈਐੱਸ (ਖੁਰਸਾਨ) ਨਾਲ ਸਬੰਧਤ ਹਥਿਆਰਬੰਦ ਹਮਲਾਵਰਾਂ ਨੇ ਹਮਲਾ ਕਰ ਦਿੱਤਾ ਗੁਰਦੁਆਰੇ ਵਿੱਚ ਤਿੰਨ ਧਮਾਕੇ ਕੀਤੇ ਗਏ ਹਨ ਤੇ ਦੋ ਜਣਿਆਂ ਦੀ ਮੌਤ ਹੋਈ ਹੈ ਤੇ ਸੱਤ ਜਣੇ ਜ਼ਖ਼ਮੀ ਹੋਏ ਹਨ ਇਸ ਦੌਰਾਨ ਅਫਗਾਨਿਸਤਾਨ ਦੇ ਗ੍ਰਹਿ ਵਿਭਾਗ ਦੇ ਬੁਲਾਰੇ ਅਬਦੁਲ ਨਫੀ ਟਾਕੋਰ ਨੇ ਗੁਰਦੁਆਰੇ ’ਤੇ ਹੋਏ ਹਮਲੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਹਮਲਾਵਰਾਂ ਨੂੰ ਮਾਰ ਦਿੱਤਾ ਗਿਆ ਹੈ ਉਨ੍ਹਾਂ ਕਿਹਾ ਕਿ ਅਫਗਾਨਿਸਤਾਨ ਦੀ ਫੌਜ ਤੇ ਹਮਲਾਵਰਾਂ ਵਿਚਾਲੇ ਹੋਈ ਗੋਲੀਬਾਰੀ ਕਾਰਨ ਇਕ ਸਿੱਖ ਵਿਅਕਤੀ ਦੀ ਮੌਤ ਹੋਈ ਹੈ ਤੇ ਆਈਈਏ ਦੇ ਇਕ ਜਵਾਨ ਦੀ ਵੀ ਮੌਤ ਹੋਈ ਹੈ ਇਸੇ ਦੌਰਾਨ ਸੱਤ ਜਣੇ ਜ਼ਖ਼ਮੀ ਹੋਏ ਹਨ ਅਫਗਾਨਿਸਤਾਨ ਦੀ ਫੌਜ ਤੇ ਹਮਲਾਵਰਾਂ ਵਿਚਾਲੇ ਲੜਾਈ ਖ਼ਤਮ ਹੋ ਗਈ ਹੈ ਇੰਡੀਅਨ ਵਰਲਡ ਫੋਰਮ ਦੇ ਪ੍ਰਧਾਨ ਪੁਨੀਤ ਸਿੰਘ ਨੇ ਟਵੀਟ ਕੀਤਾ ਹੈ ਕਿ ਗੁਰਦੁਆਰੇ ਵਿੱਚੋਂ ਗੁਰੂ ਗ੍ਰੰਥ



ਸਾਹਿਬ ਨੂੰ ਸਿੱਖਾਂ ਨੇ ਸੁਰੱਖਿਅਤ ਬਾਹਰ ਕੱਢ ਲਿਆ ਹੈ ਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਦੁਆਰੇ ਦੇ ਮੈਨੇਜਰ ਗੁਰਨਾਮ ਸਿੰਘ ਦੇ ਘਰ ਪਹੁੰਚਾਇਆ ਜਾ ਰਿਹਾ ਹੈ ਵੇਰਵਿਆਂ ਅਨੁਸਾਰ ਕਾਬੁਲ ਵਿੱਚ ਰਹਿ ਰਹੇ ਸਿੱਖਾਂ ਨੂੰ ਗੁਰਦੁਆਰੇ ਦੇ ਮੈਨੇਜਰ ਗੁਰਨਾਮ ਸਿੰਘ ਨੇ ਫੋਨ ’ਤੇ ਇਸ ਹਮਲੇ ਬਾਰੇ ਜਾਣਕਾਰੀ ਦਿੱਤੀ ਇਸੇ ਦੌਰਾਨ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਉਨ੍ਹਾਂ ਨੇ ਗੁਰਦੁਆਰੇ ਦੇ ਮੈਨੇਜਰ ਗੁਰਨਾਮ ਸਿੰਘ ਨਾਲ ਫੋਨ ’ਤੇ ਗੱਲਬਾਤ ਕੀਤੀ ਹੈ ਮੈਨੇਜਰ ਅਨੁਸਾਰ ਇਹ ਹਮਲਾ ਸਵੇਰੇ 6 ਵਜੇ ਉਸ ਸਮੇਂ ਹੋਇਆ ਜਦੋਂ ਗੁਰਦੁਆਰੇ ਦਾ ਗ੍ਰੰਥੀ ‘ਪ੍ਰਕਾਸ਼’ ਕਰਨ ਲਈ ਗੁਰਦੁਆਰੇ ਵਿੱਚ ਦਾਖਲ ਹੋ ਰਿਹਾ ਸੀ।

# ਰੂਸ ਅਤੇ ਯੂਕਰੇਨ ਵਿਚਕਾਰ ਬੰਦੀਆਂ ਦਾ ਤਬਾਦਲਾ

**ਕੀਵ/ਲੋਕ ਬਾਣੀ:-** ਯੂਕਰੇਨ ਦੇ ਰੱਖਿਆ ਖ਼ੁਫ਼ੀਆ ਡਾਇਰੈਕਟੋਰੇਟ ਨੇ ਅੱਜ ਦੱਸਿਆ ਕਿ ਕੈਦੀਆਂ ਦੀ ਅਦਲਾ-ਬਦਲੀ ਤਹਿਤ ਰੂਸ ਨੇ ਯੂਕਰੇਨ ਦੇ ਪੰਜ ਨਾਗਰਿਕ ਵਾਪਸ ਕੀਤੇ ਹਨ ਇਹ ਨਹੀਂ ਦੱਸਿਆ ਗਿਆ ਕਿ ਅਦਲਾ-ਬਦਲੀ ਦੌਰਾਨ ਵਾਪਸ ਕੀਤੇ ਗਏ ਰੂਸੀ ਲੜਾਕੇ ਸਨ ਜਾਂ ਨਹੀਂ ਡਾਇਰੈਕਟੋਰੇਟ ਨੇ ਕਿਹਾ ਕਿ ਯੂਕਰੇਨ ਦੇ ਪੰਜ ਨਾਗਰਿਕਾਂ ਵਿੱਚੋਂ ਚਾਰ ਨੂੰ ਰੂਸ ਨੇ ਕੀਵ ਖੇਤਰ ਦੇ ਵੱਖ ਵੱਖ ਹਿੱਸਿਆਂ ਵਿੱਚ ਕਬਜ਼ੇ ਦੌਰਾਨ ਬੰਦੀ ਬਣਾ



ਲਿਆ ਸੀ ਇਸ ਵਿੱਚ ਕਿਹਾ ਗਿਆ ਹੈ ਕਿ ਇਸ ਅਦਲਾ-ਬਦਲੀ ਵਿੱਚ ਯੂਕਰੇਨ ਦੇ ਇੱਕ ਨਾਗਰਿਕ ਦੀ ਲਾਸ਼ ਵੀ ਬਰਾਮਦ ਕੀਤੀ ਗਈ ਸੀ ਇਸੇ ਦੌਰਾਨ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੇਂਸਕੀ ਨੇ ਦੇਸ਼ ਦੇ ਦੱਖਣੀ ਸ਼ਹਿਰ ਮਾਈਕੋਲੇਵ ਦਾ ਦੌਰਾ ਕੀਤਾ ਹੈ ਉਨ੍ਹਾਂ ਨੇ ਇੱਥੇ ਰੂਸੀ ਫੌਜਾਂ ਵੱਲੋਂ ਤਬਾਹ ਕੀਤੀ ਸਰਕਾਰੀ ਇਮਾਰਤ ਦਾ ਜਾਇਜ਼ਾ ਲਿਆ ਉਧਰ, ਰੂਸੀ ਹਮਲੇ ਵਿੱਚ ਮਾਰੇ ਗਏ ਯੂਕਰੇਨੀ ਫ਼ੌਜੀ ਰੋਮਨ ਰਤੁਸ਼ਨੀ (24) ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ ਕੀਤਾ ਗਿਆ।

# ਅਸਾਮ ’ਚ ਹੜ੍ਹ ਕਾਰਨ ਸਥਿਤੀ ਬਣੀ ਭਿਆਨਕ

**ਅਗਰਤਲਾ/ਲੋਕ ਬਾਣੀ**

ਅਸਾਮ ਵਿੱਚ ਭਾਰੀ ਬਾਰਿਸ਼ ਨਾਲ ਹੜ੍ਹ ਆਉਣ ਕਾਰਨ ਸਥਿਤੀ ਗੰਭੀਰ ਹੋ ਗਈ ਹੈ ਸੂਬੇ ਦੇ 32 ਜ਼ਿਲ੍ਹਿਆਂ ਵਿੱਚ 31 ਲੱਖ ਲੋਕ ਅਸਰਅੰਦਾਜ਼ ਹੋਏ ਹਨ, ਜਦੋਂਕਿ ਸ਼ਨਿਚਰਵਾਰ ਨੂੰ ਅੱਠ ਹੋਰ ਜਾਨਾਂ ਚਲੀਆਂ ਗਈਆਂ ਹਨ ਇਸ ਤਰ੍ਹਾਂ ਸੂਬੇ ਵਿੱਚ ਮੌਤਾਂ ਦੀ ਕੁੱਲ ਗਿਣਤੀ 63 ਹੋ ਗਈ ਹੈ।

ਤ੍ਰਿਪੁਰਾ ਵਿੱਚ ਲਗਾਤਾਰ ਭਾਰੀ ਬਾਰਿਸ਼ ਤੇ ਹੜ੍ਹ ਕਾਰਨ ਸ਼ੁੱਕਰਵਾਰ ਤੱਕ 10 ਹਜ਼ਾਰ ਤੋਂ ਵੱਧ ਲੋਕ ਬੇਘਰ ਹੋ ਗਏ ਹਨ ਇੱਕ ਅਧਿਕਾਰੀ ਨੇ ਅੱਜ ਦੱਸਿਆ ਕਿ ਭਾਰੀ ਬਾਰਿਸ਼ ਕਾਰਨ ਅਗਰਤਲਾ ਤੇ ਇਸ ਦੇ ਨਾਲ ਲੱਗਦੇ ਪੱਛਮੀ ਤ੍ਰਿਪੁਰਾ ਜ਼ਿਲ੍ਹੇ ਵਿੱਚ ਹੜ੍ਹ ਆ ਗਿਆ ਹੈ ਹਾਵੜਾ ਨਦੀ ਓਵਰਫਲੋਅ ਹੋਣ ਕਾਰਨ ਅਗਰਤਲਾ ਮਿਉਂਸਿਪਲ ਕਾਰਪੋਰੇਸ਼ਨ ਅਤੇ ਇਸ ਨਾਲ ਲੱਗਦੇ ਨੀਵੇਂ ਇਲਾਕੇ ਡੁੱਬ ਗਏ ਹਨ ਸੂਬਾ ਆਫ਼ਤ ਪ੍ਰਬੰਧਨ ਅਥਾਰਟੀ ਦੇ ਸੀਨੀਅਰ ਅਧਿਕਾਰੀ ਸਰਤ ਕੁਮਾਰ ਦਾਸ ਨੇ ਦੱਸਿਆ ਕਿ ਲੰਘੇ 24 ਘੰਟਿਆਂ ਵਿੱਚ 155 ਮਿਲੀਮੀਟਰ ਬਾਰਿਸ਼ ਹੋਈ ਹੈ ਪੁਲੀਸ, ਐੱਨਡੀਆਰਐੱਫ ਤੇ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਬਚਾਅ ਕਾਰਜ ਚਲਾਏ ਜਾ ਰਹੇ ਹਨ ਉਧਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਫੋਨ ਕਰਕੇ ਅਸਾਮ ਦੇ ਮੁੱਖ ਮੰਤਰੀ ਹਿਮੰਤਾ ਬਿਸਵਾ ਸਰਮਾ ਤੋਂ ਸੂਬੇ ਵਿੱਚ ਹੜ੍ਹ ਦੀ ਸਥਿਤੀ ਦਾ ਜਾਇਜ਼ਾ ਲਿਆ ਹੈ।



# ਸੰਯੁਕਤ ਰਾਸ਼ਟਰ ਵਿੱਚ ਚੀਨ ਨੇ ਮੱਕੀ ਨੂੰ ਆਲਮੀ ਅਤਿਵਾਦੀ ਐਲਾਨਣ ਦੇ ਮਤੇ ਨੂੰ ਰੋਕਿਆ

**ਪੇਈਚਿੰਗ/ਲੋਕ ਬਾਣੀ:-** ਚੀਨ ਨੇ ਲਸ਼ਕਰ-ਏ-ਤਇਬਾ ਦੇ ਸੀਨੀਅਰ ਪਾਕਿਸਤਾਨੀ ਅਤਿਵਾਦੀ ਅਬਦੁੱਲ ਰਹਿਮਾਨ ਮੱਕੀ ਨੂੰ ਸੰਯੁਕਤ ਰਾਸ਼ਟਰ ਦੀ ਪਾਬੰਦੀ ਕਮੇਟੀ ਤਹਿਤ ਆਲਮੀ ਅਤਿਵਾਦੀ ਐਲਾਨੇ ਜਾਣ ਸਬੰਧੀ ਭਾਰਤ ਤੇ ਅਮਰੀਕਾ ਵੱਲੋਂ ਪੇਸ਼ ਸਾਂਝੇ ਮਤੇ ਨੂੰ ਰੋਕ ਦਿੱਤਾ ਹੈ ਚੀਨ ਨੇ ਆਪਣੇ ਇਸ ਕਦਮ ਨੂੰ ਢੁਕਵਾਂ ਤੇ ਨਿਯਮਾਂ ਦੇ ਅਨੁਸਾਰ ਕਰਾਰ ਦਿੱਤਾ ਹੈ ਅਮਰੀਕਾ ਨੇ ਮੱਕੀ ਨੂੰ ਅਤਿਵਾਦੀ ਐਲਾਨਿਆ ਹੋਇਆ ਹੈ ਮੱਕੀ ਲਸ਼ਕਰ-ਏ-ਤਇਬਾ ਦੇ ਸਰਗਨੇ ਤੇ 26/11 ਮੁੰਬਈ ਹਮਲੇ ਦੇ ਮੁੱਖ ਸਾਜ਼ਿਸ਼ਘਾੜੇ ਹਾਫ਼ਿਜ਼ ਸਈਦ ਦਾ ਰਿਸ਼ਤੇਦਾਰ ਹੈ ਅਮਰੀਕਾ ਲਸ਼ਕਰ-ਏ-ਤਇਬਾ ਨੂੰ ਵੀ ਵਿਦੇਸ਼ੀ ਅਤਿਵਾਦੀ ਸੰਗਠਨ (ਐੱਫਟੀਓ) ਐਲਾਨ ਚੁੱਕਿਆ ਹੈ, ਜਿਸ ਵਿੱਚ ਮੱਕੀ (74) ਕਈ ਅਹਿਮ ਭੂਮਿਕਾਵਾਂ ਨਿਭਾਉਂਦਾ ਰਿਹਾ ਹੈ।



# ‘ਹਿੰਸਕ ਪ੍ਰਦਰਸ਼ਨਾਂ’ ’ਚ ਹੋ ਰਹੇ ਬੱਚਿਆਂ ਦੇ ਇਸਤੇਮਾਲ ਦੀ ਹੋਵੇ NIA ਜਾਂਚ

**ਨਵੀਂ ਦਿੱਲੀ/ਲੋਕ ਬਾਣੀ:-** ਰਾਸ਼ਟਰੀ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ (ਐੱਨ.ਸੀ.ਪੀ.ਸੀ.ਆਰ.) ਨੇ ਪੈਗੰਬਰ ਮੁਹੰਮਦ ਬਾਰੇ ਭਾਜਪਾ ਦੇ ਦੋ ਸਾਬਕਾ ਕਾਰਕੁਨਾਂ ਦੀਆਂ ਟਿੱਪਣੀਆਂ ਖ਼ਿਲਾਫ਼ ਹਾਲ ਹੀ ਵਿਚ ਹੋਏ ਵਿਰੋਧ ਪ੍ਰਦਰਸ਼ਨਾਂ ਦੌਰਾਨ ਹਿੰਸਾ ’ਚ ਬੱਚਿਆਂ ਦੇ ਇਸਤੇਮਾਲ ਦੀ ਐੱਨ.ਆਈ.ਏ. ਜਾਂਚ ਕਰਾਉਣ ਦੀ ਬੇਨਤੀ ਕੀਤੀ ਹੈ ਕਮਿਸ਼ਨ ਨੇ ਉਨ੍ਹਾਂ ਰਾਜਾਂ ਦੀਆਂ ਸਰਕਾਰਾਂ ਨੂੰ ਬੇਨਤੀ ਕੀਤੀ ਹੈ ਜਿੱਥੇ ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਕਮਿਸ਼ਨ ਦੇ ਚੇਅਰਮੈਨ ਪ੍ਰਿਯਾਂਕ ਕਾਨੂੰਨਗੋ ਨੇ ਟਵੀਟ ਕੀਤਾ,÷ਦੇਸ਼ ਵਿਚ ਪਿਛਲੇ ਹਫ਼ਤੇ ਦੀ ਫਿਰਕੂ ਹਿੰਸਾ ਵਿਚ ਬੱਚਿਆਂ ਦੇ ਇਸਤੇਮਾਲ ਅਤੇ ਦੰਗਾਕਾਰੀਆਂ ਵੱਲੋਂ ਬੱਚਿਆਂ ਨੂੰ ਆਪਣੇ ਬਚਾਅ ਲਈ ਧੱਕਣਾ ਸ਼ੱਕੀ ਸੰਗਠਨਾਂ ਦੁਆਰਾ ਇਕ ਤਾਲਮੇਲ ਕੀਤਾ ਗਿਆ ਕੰਮ ਹੋ ਸਕਦਾ ਹੈ।



# ਨਾਜਾਇਜ਼ ਮਾਈਨਿੰਗ ਦੇ ਦੋਸ਼ ’ਚ ਸਾਬਕਾ ਵਿਧਾਇਕ ਰਿਮਾਂਡ ’ਤੇ

**ਜਲੰਧਰ/ਸੰਜੇ ਰਾਜਪੂਤ**

ਨਾਜਾਇਜ਼ ਮਾਈਨਿੰਗ ਦੇ ਦੋਸ਼ ’ਚ ਗ੍ਰਿਫ਼ਤਾਰ ਕੀਤੇ ਗਏ ਭੋਆ ਦੇ ਸਾਬਕਾ ਵਿਧਾਇਕ ਜੋਗਿੰਦਰ ਪਾਲ ਨੂੰ ਅਦਾਲਤ ਨੇ ਅੱਜ 2 ਦਿਨ ਦੇ ਰਿਮਾਂਡ ’ਤੇ ਭੇਜ ਦਿੱਤਾ ਹੈ।



ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਰੱਖਿਆ ਮੰਤਰਾਲਾ 'ਚ ਨੌਕਰੀਆਂ ਲਈ 'ਅਗਨੀਵੀਰਾਂ' ਨੂੰ ਮਿਲੇਗਾ 10 ਫੀਸਦੀ ਰਾਖਵਾਂਕਰਨ, ਰਾਜਨਾਥ ਸਿੰਘ ਨੇ ਦਿੱਤੀ ਮਨਜ਼ੂਰੀ

**ਨਵੀਂ ਦਿੱਲੀ/ਲੋਕ ਬਾਣੀ**

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਜ਼ਰੂਰੀ ਯੋਗਤਾ ਮਾਪਦੰਡਾਂ ਨੂੰ ਪੂਰਾ ਕਰਨ ਵਾਲੇ 'ਅਗਨੀਵੀਰਾਂ' ਲਈ ਰੱਖਿਆ ਮੰਤਰਾਲੇ ਦੀਆਂ ਨੌਕਰੀਆਂ 'ਚ 10 ਫੀਸਦੀ ਰਾਖਵੇਂਕਰਨ ਦੇ ਪ੍ਰਸਤਾਵ ਨੂੰ ਸ਼ਨੀਵਾਰ ਨੂੰ ਮਨਜ਼ੂਰੀ ਦੇ ਦਿੱਤੀ ਰੱਖਿਆ ਸੇਵਾਵਾਂ ਲਈ ਮੰਗਲਵਾਰ ਨੂੰ ਐਲਾਨੀ ਗਈ 'ਅਗਨੀਪਥ' ਭਰਤੀ ਯੋਜਨਾ ਦੇ ਖ਼ਿਲਾਫ਼ ਵਧਦੇ ਵਿਰੋਧ ਦਰਮਿਆਨ ਪ੍ਰਸਤਾਵ ਨੂੰ ਮਨਜ਼ੂਰੀ ਮਿਲੀ ਹੈ ਸਿੰਘ ਦੇ ਦਫ਼ਤਰ ਨੇ ਕਿਹਾ,÷ਭਾਰਤੀ ਤੱਟ ਰੱਖਿਅਕ ਅਤੇ ਰੱਖਿਆ ਵਿਭਾਗ 'ਚ ਗੈਰ-ਫ਼ੌਜੀ ਅਹੁਦਿਆਂ ਅਤੇ ਰੱਖਿਆ ਖੇਤਰ ਦੇ ਸਾਰੇ 16 ਜਨਤਕ ਉਪਕ੍ਰਮਾਂ




'ਚ 10 ਫੀਸਦੀ ਰਾਖਵਾਂਕਰਨ ਲਾਗੂ ਕੀਤਾ ਜਾਵੇਗਾ ÷ ਇਸ ਨੇ ਕਿਹਾ ਗਿਆ ਕਿ ਇਹ ਰਾਖਵਾਂਕਰਨ ਸਾਬਕਾ ਫ਼ੌਜੀਆਂ ਲਈ ਮੌਜੂਦਾ ਕੋਟੇ ਤੋਂ ਇਲਾਵਾ ਹੋਵੇਗਾ ਰੱਖਿਆ ਮੰਤਰੀ ਦੇ ਦਫ਼ਤਰ ਨੇ ਟਵੀਟ ਕੀਤਾ, ਇਨ੍ਹਾਂ ਪ੍ਰਬੰਧਾਂ ਨੂੰ ਲਾਗੂ ਕਰਨ ਪ੍ਰਾਸੰਗਿਕ ਭਰਤੀ ਨਿਯਮਾਂ 'ਚ ਜ਼ਰੂਰੀ ਸੋਧ ਕੀਤੇ ਜਾਣਗੇ। ਇਸ 'ਚ ਕਿਹਾ ਗਿਆ ਹੈ, ਰੱਖਿਆ ਖੇਤਰ 'ਚ ਜਨਤਕ ਖੇਤਰ ਦੇ ਉਪਕ੍ਰਮਾਂ ਨੂੰ ਆਪਣੇ ਸੰਬੰਧਤ ਭਰਤੀ ਨਿਯਮਾਂ @ਚ ਇਸੇ ਤਰ੍ਹਾਂ ਦੇ ਸੋਧ ਕਰਨ ਦੀ ਸਲਾਹ ਦਿੱਤੀ ਜਾਵੇਗੀ ਜ਼ਰੂਰੀ ਉਮਰ ਛੋਟ ਦਾ ਪ੍ਰਬੰਧ ਵੀ ਕੀਤਾ ਜਾਵੇਗਾ।

'ਅਗਨੀਪਥ' ਫ਼ੌਜ ਭਰਤੀ ਯੋਜਨਾ ਦੇ ਐਲਾਨ ਤੋਂ ਬਾਅਦ ਕੀਤੀ ਸਮੁੱਚੀ ਸਥਿਤੀ @ਤੇ ਫ਼ੌਜ, ਜਲ ਸੈਨਾ ਅਤੇ ਹਵਾਈ ਸੈਨਾ ਦੇ ਉੱਚ ਅਧਿਕਾਰੀਆਂ ਨਾਲ ਬੈਠਕ ਤੋਂ ਤੁਰੰਤ ਬਾਅਦ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਗਈ ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਵਿਚ, ਸਰਕਾਰ ਨੇ ਵੀਰਵਾਰ ਰਾਤ ਨੂੰ ਸਾਲ 2022 ਲਈ 'ਅਗਨੀਪਥ' ਯੋਜਨਾ ਦੇ ਤਹਿਤ ਭਰਤੀ ਲਈ ਉਪਰਲੀ ਉਮਰ ਸੀਮਾ 21 ਤੋਂ ਵਧਾ ਕੇ 23 ਸਾਲ ਕਰ ਦਿੱਤੀ ਹੈ ਮੰਗਲਵਾਰ ਨੂੰ ਇਸ ਯੋਜਨਾ ਦੀ ਸ਼ੁਰੂਆਤ ਕਰਦੇ ਹੋਏ ਸਰਕਾਰ ਨੇ ਕਿਹਾ ਸੀ ਕਿ ਸਾਢੇ 17 ਸਾਲ ਤੋਂ 21 ਸਾਲ ਦੀ ਉਮਰ ਦੇ ਨੌਜਵਾਨਾਂ ਨੂੰ ਚਾਰ ਸਾਲ ਦੀ ਮਿਆਦ ਲਈ ਭਰਤੀ ਕੀਤਾ ਜਾਵੇਗਾ, ਜਦੋਂ ਕਿ ਉਨ੍ਹਾਂ @ਚੋਂ 25 ਫੀਸਦੀ ਨੂੰ ਬਾਅਦ ਵਿਚ ਨਿਯਮਿਤ ਸੇਵਾ ਵਿਚ ਸ਼ਾਮਲ ਕੀਤਾ ਜਾਵੇਗਾ ਨਵੀਂ ਸਕੀਮ ਤਹਿਤ ਭਰਤੀ ਕੀਤੇ ਜਾਣ ਵਾਲੇ ਨੌਜਵਾਨਾਂ ਨੂੰ 'ਅਗਨੀਵੀਰ' ਕਿਹਾ ਜਾਵੇਗਾ ਇਸ ਯੋਜਨਾ ਦਾ ਇਕ ਮੁੱਖ ਉਦੇਸ਼ ਫ਼ੌਜੀ ਕਰਮਚਾਰੀਆਂ ਦੀ ਔਸਤ ਉਮਰ ਨੂੰ ਘਟਾਉਣਾ ਅਤੇ ਵੱਧ ਰਹੀ ਤਨਖਾਹ ਅਤੇ ਪੈਨਸ਼ਨ ਬਿੱਲ ਵਿਚ ਕਟੌਤੀ ਕਰਨਾ ਹੈ ਨਵੀਂ ਯੋਜਨਾ ਦਾ ਐਲਾਨ ਉਸ ਭਰਤੀ ਪ੍ਰਕਿਰਿਆ ਦੇ ਪਿਛੋਕੜ ਵਿਚ ਕੀਤਾ ਗਿਆ ਹੈ ਜੋ ਕਿ ਕੋਰੋਨਾ ਵਾਇਰਸ ਮਹਾਮਾਰੀ ਕਾਰਨ ਫ਼ੌਜ 'ਚ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਰੁਕੀ ਹੋਈ ਹੈ।

## ਕਾਂਗਰਸ ਨੇ ਪਵਨ ਖੇੜਾ ਨੂੰ ਮੀਡੀਆ ਅਤੇ ਪ੍ਰਚਾਰ ਦੀ ਕਮਾਨ ਸੌਂਪੀ

**ਨਵੀਂ ਦਿੱਲੀ/ਲੋਕ ਬਾਣੀ**

ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਪਵਨ ਖੇੜਾ ਨੂੰ ਪਾਰਟੀ ਦੇ ਨਵੇਂ ਸੰਚਾਰ ਵਿਭਾਗ 'ਚ ਮੀਡੀਆ ਅਤੇ ਪ੍ਰਚਾਰ ਮੁਖੀ ਨਿਯੁਕਤ ਕੀਤਾ ਹੈ ਇਸ ਤੋਂ ਪਹਿਲਾਂ ਪਾਰਟੀ ਨੇ ਰਣਦੀਪ ਸੁਰਜੇਵਾਲਾ ਦੀ ਜਗ੍ਹਾ ਜੈਰਾਮ ਰਮੇਸ਼ ਨੂੰ ਸੰਚਾਰ ਇੰਚਾਰਜ ਅਤੇ ਅਖਿਲ ਭਾਰਤੀ ਕਾਂਗਰਸ ਕਮੇਟੀ (ਏ.ਆਈ.ਸੀ.ਸੀ.) ਦਾ ਜਨਰਲ ਸਕੱਤਰ ਨਿਯੁਕਤ ਕੀਤਾ ਸੀ।



ਪਾਰਟੀ ਨੇ ਪਿਛਲੇ ਮਹੀਨੇ ਉਦੇਪੁਰ 'ਚ ਹੋਏ ਤਿੰਨ ਦਿਨਾਂ ਚਿੰਤਨ ਕੈਂਪ 'ਚ ਲੋਕਾਂ ਨਾਲ ਬਿਹਤਰ ਜੁੜਾਵ ਕਾਇਮ ਕਰਨ ਅਤੇ ਸੰਚਾਰ ਰਣਨੀਤੀ 'ਚ ਪਵਨ ਖੇੜਾ ਨੂੰ ਨਵੇਂ ਸੰਚਾਰ ਵਿਭਾਗ 'ਚ ਮੀਡੀਆ ਅਤੇ ਪ੍ਰਚਾਰ ਪ੍ਰਧਾਨ ਨਿਯੁਕਤ ਕਰਨ ਦੇ ਫ਼ੈਸਲੇ ਨੂੰ ਤੁਰੰਤ ਪ੍ਰਭਾਵ ਤੋਂ ਮਨਜ਼ੂਰੀ ਦੇ ਦਿੱਤੀ ਹੈ @@ ਖੇੜਾ ਹੁਣ ਤੱਕ ਕਾਂਗਰਸ ਦੇ ਰਾਸ਼ਟਰੀ ਬੁਲਾਰੇ ਸਨ॥

## ਗੁਜਰਾਤ 'ਚ 280 ਕਰੋੜ ਰੁਪਏ ਦੀ ਹੈਰੋਇਨ ਜ਼ਬਤੀ ਮਾਮਲੇ 'ਚ 3 ਹੋਰ ਗ੍ਰਿਫ਼ਤਾਰ



**ਅਹਿਮਦਾਬਾਦ/ਲੋਕ ਬਾਣੀ**

ਗੁਜਰਾਤ ਏ.ਟੀ.ਐੱਸ. ਅਤੇ ਭਾਰਤੀ ਤੱਟ ਰੱਖਿਅਕ ਫ਼ੋਰਸ ਨੇ ਅਪ੍ਰੈਲ 'ਚ ਅਰਬ ਸਾਗਰ 'ਚ ਇਕ ਕਿਸ਼ਤੀ ਤੋਂ 280 ਕਰੋੜ ਰੁਪਏ ਦੀ ਹੈਰੋਇਨ ਜ਼ਬਤ ਦੇ ਸਿਲਸਿਲੇ 'ਚ ਵੀਰਵਾਰ ਨੂੰ 2 ਅਫ਼ਗਾਨ ਨਾਗਰਿਕਾਂ ਸਮੇਤ 3 ਹੋਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਿਸ 'ਚ 9 ਪਾਕਿਸਤਾਨੀ ਨਾਗਰਿਕਾਂ ਨੂੰ ਪਹਿਲਾਂ ਹਿਰਾਸਤ 'ਚ ਲਿਆ ਗਿਆ ਸੀ ਗੁਜਰਾਤ ਏ.ਟੀ.ਐੱਸ. ਵਲੋਂ ਇਕ ਪ੍ਰੈੱਸ ਰਿਲੀਜ਼ @ਚ ਕਿਹਾ ਗਿਆ ਹੈ ਕਿ ਇਕ ਸਾਂਝੀ ਮੁਹਿੰਮ @ਚ, ਗੁਜਰਾਤ ਏ.ਟੀ.ਐੱਸ. ਅਤੇ ਭਾਰਤੀ ਤੱਟ ਰੱਖਿਅਕ ਫ਼ੋਰਸ ਨੇ 25 ਅਪ੍ਰੈਲ ਨੂੰ ਅਰਬ ਸਾਗਰ 'ਚ ਪਾਕਿਸਤਾਨ ਤੋਂ ਇਕ ਕਿਸ਼ਤੀ ਫੜੀ ਅਤੇ ਦੋਸ਼ੀ ਵਿਅਕਤੀਆਂ ਕੋਲੋਂ 56 ਕਿਲੋਗ੍ਰਾਮ ਹੋਰੈਇਨ ਜ਼ਬਤ ਕੀਤੀ। ਹਿਰਾਸਤ 'ਚ ਲਏ ਗਏ ਤਿੰਨ ਦੋਸ਼ੀਆਂ ਦੀ ਪਛਾਣ ਖਾਰੀ ਹਮੀਦੁੱਲਾਹ, ਮੁਹੰਮਦ ਹਕੀਮ ਅਤੇ ਅਜ਼ੀਮ ਅਹਿਮਦ ਦੇ ਰੂਪ 'ਚ ਹੋਈ ਹੈ, ਜੋ ਨਵੀਂ ਦਿੱਲੀ ਅਤੇ ਉੱਤਰਾਖੰਡ ਦੇ ਰਹਿਣ ਵਾਲੇ ਹਨ ਇਕ ਅਧਿਕਾਰਤ ਬਿਆਨ 'ਚ ਏ.ਟੀ.ਐੱਸ. ਨੇ ਕਿਹਾ,@@ਏ.ਟੀ.ਐੱਸ. ਅਤੇ ਤੱਟ ਰੱਖਿਅਕ ਦਲ ਵਲੋਂ ਪ੍ਰਾਪਤ ਸੂਚਨਾ ਦੇ ਆਧਾਰ @ਤੇ ਪਾਕਿਸਤਾਨੀ ਕਿਸ਼ਤੀ, ਅਲ ਹਜ ਦੀ ਤਲਾਸ਼ੀ ਲਈ ਗਈ, ਜੋ ਭਾਰਤੀ ਜਲ 'ਚ 14 ਐੱਨ.ਐੱਮ. ਸੀ ਅਤੇ ਅਸੀਂ 56 ਕਿਲੋਗ੍ਰਾਮ ਹੈਰੋਇਨ ਦੇ 56 ਪੈਕੇਟ ਬਰਾਮਦ ਕੀਤੇ, ਜਿਸ ਦਾ ਭਾਰ ਲਗਭਗ 56 ਕਿਲੋਗ੍ਰਾਮ ਸੀ ਅਤੇ ਇਸ ਦੀ ਕੀਮਤ 280 ਕਰੋੜ ਹੈ ਅਦਾਲਤ ਤੋਂ 10 ਦਿਨ ਦਾ ਰਿਮਾਂਡ ਮਿਲ ਗਿਆ ਹੈ ਅਤੇ ਅੱਗੇ ਦੀ ਜਾਂਚ ਜਾਰੀ ਹੈ।

## ਕਸ਼ਮੀਰ 'ਚ 954 ਬਰਾਮਦ ਕਰਨ ਤੋਂ ਬਾਅਦ ਕੀਤਾ ਨਕਾਰਾ



**ਸ਼੍ਰੀਨਗਰ/ਲੋਕ ਬਾਣੀ**

ਜੰਮੂ-ਕਸ਼ਮੀਰ ਦੇ ਕੁਪਵਾੜਾ ਜ਼ਿਲ੍ਹੇ 'ਚ ਸ਼ਨੀਵਾਰ ਸਵੇਰੇ ਇਕ ਸ਼ਕਤੀਸ਼ਾਲੀ ਵਿਸਫ਼ੋਟਕ ਉਪਕਰਣ (ਆਈ.ਈ.ਡੀ.) ਮਿਲਣ ਤੋਂ ਬਾਅਦ ਉਸ ਨੂੰ ਤੁਰੰਤ ਨਕਾਰਾ ਕਰ ਦਿੱਤਾ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ ਅਧਿਕਾਰੀਆਂ ਨੇ ਕਿਹਾ ਕਿ ਬਾਰਾਮੂਲਾ-ਹੰਦਵਾੜਾ ਰਾਜਮਾਰਗ @ਤੇ ਗਣਪੋਰਾ ਕੋਲ ਫ਼ੌਜ ਨੂੰ ਇਕ ਵਿਸਫ਼ੋਟਕ ਉਪਕਰਣ ਦਾ ਪਤਾ ਲੱਗਾ ਫ਼ੌਜ ਅਤੇ ਜੰਮੂ ਕਸ਼ਮੀਰ ਪੁਲਸ ਨੇ ਬੰਬ ਨਿਰੋਧਕ ਦਸਤੇ ਦੀ ਮਦਦ ਨਾਲ ਆਈ.ਈ.ਡੀ. ਨੂੰ ਨਕਾਰਾ ਕਰ ਦਿੱਤਾ। ਬਾਰਾਮੂਲਾ-ਸ਼੍ਰੀਨਗਰ ਰਾਜਮਾਰਗ @ਤੇ ਸ਼ੱਕੀ ਆਈ.ਈ.ਡੀ. ਦਾ ਪਤਾ ਲੱਗਣ ਤੋਂ ਬਾਅਦ ਚੌਕਸੀ ਵਜੋਂ ਘੇਰਾਬੰਦੀ ਕੀਤੀ ਗਈ ਅਤੇ ਆਵਾਜਾਈ ਨੂੰ ਦੋਹਾਂ ਪਾਸਿਓਂ ਰੋਕ ਦਿੱਤਾ ਗਿਆ ਸੀ ਬਾਅਦ 'ਚ ਰਾਜਮਾਰਗ @ਤੇ ਆਵਾਜਾਈ ਬਹਾਲ ਕਰ ਦਿੱਤਾ ਗਿਆ ਦੱਸਣਯੋਗ ਹੈ ਕਿ ਪਿਛਲੇ 3 ਦਿਨਾਂ @ਚ ਕਸ਼ਮੀਰ 'ਚ ਸੁਰੱਖਿਆ ਫ਼ੋਰਸਾਂ ਵਲੋਂ ਬਰਾਮਦ ਕੀਤਾ ਗਿਆ ਇਹ ਦੂਜਾ ਆਈ.ਈ.ਡੀ. ਹੈ ਇਸ ਤੋਂ ਪਹਿਲਾਂ 16 ਜੂਨ ਨੂੰ ਸੁਰੱਖਿਆ ਫ਼ੋਰਸਾਂ ਨੇ ਪੁਲਵਾਮਾ ਜ਼ਿਲ੍ਹੇ ਦੇ ਇਕ ਪਿੰਡ 'ਚ 15 ਕਿਲੋ ਆਈ.ਈ.ਡੀ. ਬਰਾਮਦ ਕੀਤਾ ਅਤੇ ਮਾਮਲੇ 'ਚ ਸ਼ਾਮਲ 2 ਅੱਤਵਾਦੀ ਸਹਿਯੋਗੀਆਂ ਨੂੰ ਗ੍ਰਿਫ਼ਤਾਰ ਕੀਤਾ ਇਸ ਦੇ ਇਕ ਦਿਨ ਬਾਅਦ ਸੁਰੱਖਿਆ ਫ਼ੋਰਸਾਂ ਨੇ ਅਵੰਤੀਪੋਰਾ ਉੱਪ ਜ਼ਿਲ੍ਹੇ 'ਚ ਇਕ ਆਈ.ਈ.ਡੀ. ਸਮੱਗਰੀ ਬਰਾਮਦ ਕੀਤੀ ਸੀ॥

## ਰਾਮ ਰਹੀਮ ਗੰਭੀਰ ਅਪਰਾਧੀ, ਪੈਰੋਲ ਦੇਣ 'ਤੇ ਸਰਕਾਰ ਦੇ ਫ਼ੈਸਲੇ 'ਤੇ ਚੁੱਕੇ ਸਵਾਲ

**ਸਿਰਸਾ/ਲੋਕ ਬਾਣੀ**


ਡੇਰਾ ਮੁਖੀ ਰਾਮ ਰਹੀਮ ਨੂੰ 30 ਦਿਨ ਦੀ ਪੈਰੋਲ ਮਿਲਣ 'ਤੇ ਪੱਤਰਕਾਰ ਸਵ. ਰਾਮਚੰਦਰ ਛਤਰਪਤੀ ਦੇ ਬੇਟੇ ਅੰਸ਼ੁਲ ਛਤਰਪਤੀ ਨੇ ਆਪਣੀ ਪ੍ਰਤੀਕਿਰਿਆ ਜ਼ਾਹਰ ਕੀਤੀ ਹੈ ਉਨ੍ਹਾਂ ਰਾਮ ਰਹੀਮ ਨੂੰ ਦਿੱਤੀ ਗਈ ਪੈਰੋਲ ਦਾ ਵਿਰੋਧ ਕਰਦੇ ਹੋਏ ਸਰਕਾਰ 'ਤੇ ਸਵਾਲ ਖੜ੍ਹੇ ਕੀਤੇ ਹਨ ਉਨ੍ਹਾਂ ਨੇ ਕਿਹਾ ਕਿ ਰਾਮ ਰਹੀਮ ਜਬਰ-ਜ਼ਿਨਾਹ ਅਤੇ ਕਤਲ ਦੇ ਮਾਮਲੇ 'ਚ ਰੋਹਤਕ ਦੀ ਸੁਨਾਰੀਆ ਜੇਲ੍ਹ 'ਚ ਸਜ਼ਾ ਕੱਟ ਰਿਹਾ ਹੈ ਰਾਮ ਰਹੀਮ ਇਕ ਗੰਭੀਰ ਅਪਰਾਧੀ ਕਿਸਮ ਦਾ ਕੈਦੀ ਹੈ ਤਾਂ ਉਸ ਨੂੰ ਸਰਕਾਰ ਵਲੋਂ ਲਾਭ ਕਿਉਂ ਦਿੱਤਾ ਜਾ ਰਿਹਾ ਹੈ ਅੰਸ਼ੁਲ ਛਤਰਪਤੀ ਨੇ ਕਿਹਾ ਕਿ ਰਾਮ ਰਹੀਮ ਕੋਈ ਆਮ ਅਪਰਾਧੀ ਨਹੀਂ ਹੈ ਪਰ ਸਰਕਾਰ ਵਾਰ-ਵਾਰ ਰਾਮ ਰਹੀਮ ਨੂੰ ਆਮ ਅਪਰਾਧੀ ਦੱਸ ਰਹੀ ਹੈ

ਅੰਸ਼ੁਲ ਨੇ ਕਿਹਾ ਕਿ ਉਹ ਸਰਕਾਰ ਦੇ ਇਸ ਫ਼ੈਸਲੇ ਖ਼ਿਲਾਫ ਜਲਦੀ ਹੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਪਟੀਸ਼ਨ ਦਾਇਰ ਕਰਨਗੇ ਅੰਸ਼ੁਲ ਨੇ ਦੱਸਿਆ ਕਿ ਉਹ ਇਸ ਮਾਮਲੇ ਨੂੰ ਲੈ ਕੇ ਆਪਣੀ ਲੀਗਲ ਟੀਮ ਨਾਲ ਸਲਾਹ-ਮਸ਼ਵਰਾ ਕਰ ਰਹੇ ਹਨ ਰਾਮ ਰਹੀਮ ਨੂੰ ਜੇਲ੍ਹ 'ਚੋਂ ਬਾਹਰ ਕੱਢਣਾ ਗਲਤ ਹੈ ਕਿਉਂਕਿ ਉਹ ਕਈ ਮਾਮਲਿਆਂ 'ਚ ਸਜ਼ਾ ਕੱਟ ਰਹੇ ਹਨ। ਅੰਸ਼ੁਲ ਨੇ ਕਿਹਾ ਕਿ ਸਰਕਾਰ ਨੇ ਆਪਣੇ ਫਾਇਦੇ ਲਈ ਰਾਮ ਰਹੀਮ ਨੂੰ ਪੈਰੋਲ ਦਿੱਤੀ ਹੈ, ਜਿਸ ਦਾ ਉਹ ਵਿਰੋਧ ਕਰਦੇ ਹਨ ਉਨ੍ਹਾਂ ਦੇ ਬਾਹਰ ਆਉਣ ਨਾਲ ਲਾਅ ਐਂਡ ਆਰਡਰ ਨੂੰ ਖ਼ਤਰਾ ਹੈ।

## ਪੁਰਾਣੀ ਰੰਜਿਸ਼ ਕਾਰਨ ਕੁੱਟਮਾਰ ਕਰ ਕੇ ਕੀਤਾ ਕਤਲ, 4 ਨਾਮਜ਼ਦ

**ਬਠਿੰਡਾ/ਲੋਕ ਬਾਣੀ**:- ਪੁਰਾਣੀ ਰੰਜਿਸ਼ ਕਾਰਨ ਕੁਝ ਵਿਅਕਤੀਆਂ ਨੇ ਇਕ ਵਿਅਕਤੀ ਦੀ ਕੁੱਟਮਾਰ ਕਰਕੇ ਕਤਲ ਕਰ ਦਿੱਤਾ ਥਾਣਾ ਸਦਰ ਦੀ ਪੁਲਸ ਨੇ ਇਸ ਮਾਮਲੇ 'ਚ 4 ਮੁਲਜ਼ਮਾਂ ਖ਼ਿਲਾਫ ਮਾਮਲਾ ਦਰਜ ਕੀਤਾ ਹੈ ਜਾਣਕਾਰੀ ਅਨੁਸਾਰ ਜਸਵੀਰ ਕੌਰ ਪਤਨੀ ਤੇਜਾ ਸਿੰਘ ਵਾਸੀ ਮੁਲਤਾਨੀਆ ਨੇ ਪੁਲਸ ਕੋਲ ਦਰਜ ਕਰਵਾਈ ਸ਼ਿਕਾਇਤ ਵਿਚ ਦੱਸਿਆ ਕਿ ਬੀਤੀ 9 ਜੂਨ ਨੂੰ ਉਸ ਦਾ ਜੀਜਾ ਬਲਕੌਰ ਸਿੰਘ ਘਰੋਂ ਪੈਦਲ ਹੀ ਕਿਤੇ ਗਿਆ ਸੀ ਪਰ ਰਾਤ ਨੂੰ ਘਰ ਨਹੀਂ ਪਰਤਿਆ ਜਦੋਂ ਉਨ੍ਹਾਂ ਨੇ ਭਾਲ ਕੀਤੀ ਤਾਂ ਉਹ ਜ਼ਖਮੀ ਹਾਲਤ 'ਚ ਗਲੀ 'ਚ ਪਿਆ ਮਿਲਿਆ ਉਹ ਉਸ ਨੂੰ ਸਰਕਾਰੀ ਹਸਪਤਾਲ ਬਠਿੰਡਾ ਵਿਖੇ ਲੈ ਗਏ, ਜਿੱਥੋਂ ਡਾਕਟਰਾਂ ਨੇ ਉਸ ਨੂੰ ਮੈਡੀਕਲ ਕਾਲਜ ਫਰੀਦਕੋਟ ਰੈਫਰ ਕਰ ਦਿੱਤਾ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਜਸਵੀਰ ਕੌਰ ਨੇ ਦੱਸਿਆ ਕਿ ਉਕਤ ਕਤਲ ਨੂੰ ਮੁਲਜ਼ਮ ਹਰਪ੍ਰੀਤ ਸਿੰਘ, ਗੁਰਭਜਨ ਸਿੰਘ, ਧਰਮਪਾਲ ਸਿੰਘ ਅਤੇ ਮਨਪ੍ਰੀਤ ਸਿੰਘ ਵਾਸੀ ਮੁਲਤਾਨੀਆ ਵੱਲੋਂ ਅੰਜਾਮ ਦਿੱਤਾ ਗਿਆ ਕਿਉਂਕਿ ਮ੍ਰਿਤਕ ਬਲਕੌਰ ਸਿੰਘ ਦੀ ਮੁਲਜ਼ਮਾਂ ਨਾਲ ਪੁਰਾਣੀ ਦੁਸ਼ਮਣੀ ਸੀ ਇਸੇ ਰੰਜਿਸ਼ ਕਾਰਨ ਉਨ੍ਹਾਂ ਨੇ ਉਸ ਦੀ ਕੁੱਟਮਾਰ ਕਰਕੇ ਗੰਭੀਰ ਜ਼ਖ਼ਮੀ ਕਰ ਦਿੱਤਾ, ਜਿਸ ਕਾਰਨ ਉਸ ਦੀ ਮੌਤ ਹੋ ਗਈ ਪੁਲਸ ਨੇ ਇਸ ਸ਼ਿਕਾਇਤ ਦੇ ਆਧਾਰ 'ਤੇ ਦੋਸ਼ੀ ਖ਼ਿਲਾਫ ਕਤਲ ਦਾ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਲੁਧਿਆਣਾ ’ਚ ਖ਼ਰਾਬ ਮੌਸਮ ਕਾਰਨ ਬਿਜਲੀ ਖ਼ਰਾਬ ਹੋਣ ਦੀਆਂ 11 ਹਜ਼ਾਰ ਤੋਂ ਵੱਧ ਸ਼ਿਕਾਇਤਾਂ ਦਰਜ



**ਲੁਧਿਆਣਾ/ਲੋਕ ਬਾਣੀ**

ਤੇਜ਼ ਹਵਾਵਾਂ ਅਤੇ ਮੀਂਹ ਕਾਰਨ ਲੁਧਿਆਣਾ ਦੇ ਵੱਖ-ਵੱਖ ਖੇਤਰਾਂ ਨਾਲ ਸਬੰਧਿਤ ਖ਼ਪਤਕਾਰਾਂ ਵੱਲੋਂ ਪਾਵਰਕਾਮ ਦੇ ਸ਼ਿਕਾਇਤ ਕੇਂਦਰਾਂ ’ਚ 11000 ਤੋਂ ਵੱਧ ਬਿਜਲੀ ਬੰਦ ਹੋਣ ਦੀਆਂ ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਹਨ ਇਨ੍ਹਾਂ ’ਚੋਂ 60 ਫ਼ੀਸਦੀ ਸ਼ਿਕਾਇਤਾਂ ਦਾ ਸ਼ਾਮ 7 ਵਜੇ ਤੱਕ ਨਿਪਟਾਰਾ ਕਰ ਦਿੱਤਾ ਗਿਆ, ਜਦਕਿ 40 ਫ਼ੀਸਦੀ ਸ਼ਿਕਾਇਤਾਂ ਦੇਰ ਰਾਤ ਤੱਕ ਹੱਲ ਹੋਣ ਦੀ ਸੰਭਾਵਨਾ ਹੈ ਜਾਣਕਾਰੀ ਅਨੁਸਾਰ ਆਤਮ ਨਗਰ ਅਤੇ ਜਨਤਾ ਨਗਰ ਆਦਿ ਇਲਾਕਿਆਂ ’ਚ 3 ਟ੍ਰਾਂਸਫਾਰਮਰ ਖ਼ਰਾਬ ਹੋ ਗਏ ਮੁਲਾਜ਼ਮ ਉਨ੍ਹਾਂ ਨੂੰ ਠੀਕ ਕਰਨ ’ਚ ਲੱਗੇ ਹੋਏ ਸਨ ਲੁਧਿਆਣਾ ਦੇ 250 ਤੋਂ ਵੱਧ ਇਲਾਕਿਆਂ ’ਚ 3 ਤੋਂ 4 ਘੰਟੇ ਦੇ ਅਣਐਲਾਨੇ ਬਿਜਲੀ ਕੱਟਾਂ ਕਾਰਨ ਲੋਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।

ਸਥਾਨਕ ਸ਼ਹਿਰ ਦੇ ਕਈ ਅਜਿਹੇ ਇਲਾਕਿਆਂ ’ਚ ਬਿਜਲੀ ਬੰਦ ਹੋਣ ਦੀਆਂ ਵੀ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਬੀਤੀ ਰਾਤ ਬੰਦ ਹੋਈ ਬਿਜਲੀ ਰਾਤ ਢੱਲਣ ਤੱਕ ਵੀ ਨਹੀਂ ਆਈ ਖ਼ਪਤਕਾਰਾਂ ਵਲੋਂ ਇਹ ਵੀ ਸ਼ਿਕਾਇਤ ਕੀਤੀ ਜਾ ਰਹੀ ਸੀ ਕਿ ਵਿਭਾਗ ਦਾ ਨੰਬਰ 1912 ਕਈ ਵਾਰ ਫੋਨ ਕਰਨ ਦੇ ਬਾਵਜੂਦ ਵੀ ਉਪਲੱਬਧ ਨਹੀਂ ਹੈ ਸ਼ਿਕਾਇਤ ਦਰਜ ਹੋਣ ’ਤੇ ਵੀ ਸ਼ਿਕਾਇਤ ਦਾ ਨਿਬੇੜਾ ਕੀਤੇ ਬਿਨਾਂ ਵਿਭਾਗ ਵਲੋਂ ਉਨ੍ਹਾਂ ਨੂੰ ਸੰਦੇਸ਼ ਭੇਜਿਆ ਜਾਂਦਾ ਹੈ ਕਿ ਤੁਹਾਡੀ ਸ਼ਿਕਾਇਤ ਦਾ ਨਿਬੇੜਾ ਕਰ ਦਿੱਤਾ ਗਿਆ ਹੈ, ਜਦੋਂਕਿ ਅਸਲ ’ਚ ਸ਼ਿਕਾਇਤ ਪੈਂਡਿੰਗ ਹੈ, ਜਿਸ ਨਾਲ ਉਨ੍ਹਾਂ ਲਈ ਮੁਸੀਬਤ ਹੋਰ ਵੀ ਵੱਧ ਜਾਂਦੀ ਹੈ

# ਪੁਰਾਣੀ ਰੰਜਿਸ਼ ਤਹਿਤ ਗਲੀ ’ਚ ਕੀਤੇ ਹਵਾਈ ਫਾਇਰ, ਕੇਸ ਦਰਜ

**ਅੰਮ੍ਰਿਤਸਰ/ਲੋਕ ਬਾਣੀ**

ਪੁਰਾਣੀ ਰੰਜਿਸ਼ ਤਹਿਤ ਗਲੀ ’ਚ ਹਵਾਈ ਫਾਇਰ ਕਰਨ ਦੇ ਮਾਮਲੇ ’ਚ ਥਾਣਾ ਕੰਬੋ ਦੀ ਪੁਲਸ ਨੇ ਲਖਵਿੰਦਰ ਸਿੰਘ, ਸੁਨੀਲ ਸਿੰਘ, ਜਸਕਰਨ ਸਿੰਘ, ਸਾਜਨ ਸਿੰਘ, ਪ੍ਰਭਜੀਤ ਸਿੰਘ, ਲਵਪ੍ਰੀਤ ਸਿੰਘ, ਕਰਨ ਸਿੰਘ, ਨਸੀਬ ਸਿੰਘ ਵਾਸੀ ਵਡਾਲਾ ਭਿੱਟੇਵੱਡ ਵਿਰੁੱਧ ਕੇਸ ਦਰਜ ਕੀਤਾ ਹੈ ਪੁਲਸ ਨੂੰ ਦਿੱਤੀ ਸ਼ਿਕਾਇਤ ’ਚ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਮੁਲਜ਼ਮ ਉਸ ਨਾਲ ਰੰਜਿਸ਼ ਰੱਖਦੇ ਹਨ, ਜਿਸ ਕਰਕੇ ਬੀਤੇ ਦਿਨ ਮੁਲਜ਼ਮ ਸਾਡੀ ਗਲੀ ’ਚ ਆਏ ਤੇ ਸਾਡੇ ਵੱਲ ਇੱਟਾਂ-ਰੋੜੇ ਚਲਾਉਣੇ ਸ਼ੁਰੂ ਕਰ ਦਿੱਤਾ ਅਤੇ ਗਾਲੀ-ਗਲੋਚ ਵੀ ਕੀਤਾ ਮੁਲਜ਼ਮ ਸੁਨੀਲ ਸਿੰਘ ਨੇ ਹਵਾਈ ਫਾਇਰ ਵੀ ਕੀਤੇ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਅਬੋਹਰ ਦੇ ਨੌਜਵਾਨ ਨੇ ਦਿੱਲੀ ’ਚ ਕੀਤੀ ਖੁਦਕੁਸ਼ੀ



**ਅਬੋਹਰ/ਲੋਕ ਬਾਣੀ:** ਮੂਲਰੂਪ ਤੋਂ ਅਬੋਹਰ ਵਾਸੀ ਅਤੇ ਬਠਿੰਡਾ ਨਗਰ ਨਿਗਮ ਵਿਚ ਕੰਮ ਕਰਦੇ ਇੰਸਪੈਕਟਰ ਅੰਜੂ ਨਾਗਪਾਲ ਅਤੇ ਅਸ਼ਿਵਨੀ ਨਾਗਪਾਲ ਦੇ ਪੁੱਤਰ ਅਰਪਿਤ ਨਾਗਪਾਲ (32) ਨੇ ਬੀਤੇ ਦਿਨੀ ਦਿੱਲੀ ਵਿਚ ਖੁਦਕੁਸ਼ੀ ਕਰ ਲਈ ਪੁਲਸ ਵੱਲੋਂ ਮ੍ਰਿਤਕ ਦੀ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਪਰਿਵਾਰ ਵਾਲਿਆਂ ਨੂੰ ਸੌਂਪ ਦਿੱਤਾ ਹੈ ਜਿਸਨੂੰ ਅਬੋਹਰ ਲਿਆਂਦਾ ਗਿਆ ਹੈ ਜਾਣਕਾਰੀ ਅਨੁਸਾਰ ਅਰਪਿਤ ਨਾਗਪਾਲ ਅਤੇ ਉਸਦੀ ਪਤਨੀ ਦਿੱਲੀ ਵਿਚ ਪ੍ਰਾਈਵੇਟ ਸੈਕਟਰ ਵਿਚ ਕੰਮ ਕਰਦੇ ਹਨ ਹਾਲ ਹੀ ਵਿੱਚ ਕੁਝ ਦਿਨ ਪਹਿਲਾਂ ਅਰਪਿਤ ਆਪਣੀ ਪਤਨੀ ਦੇ ਨਾਲ ਅਬੋਹਰ ਆਇਆ ਸੀ ਅਤੇ ਉਨ੍ਹਾਂ ਘਰ ਵਿੱਚ ਪਾਠ ਵੀ ਰਖਵਾਇਆ ਸੀ, ਜਿਸਦਾ ਸ਼ਨੀਵਾਰ ਨੂੰ ਭੋਗ ਪੈਣਾ ਸੀ ਜਿਸ ’ਚ ਸ਼ਾਮਲ ਹੋਣ ਦੇ ਲਈ ਉਸਨੇ ਅਬੋਹਰ ਆਉਣਾ ਸੀ ਪਰ ਬੀਤੇ ਦਿਨੀ ਸਵੇਰੇ 9 ਵਜੇ ਦੇ ਬਾਅਦ ਅਚਾਨਕ ਉਸਨੇ ਦਿੱਲੀ ਵਿਚ ਆਪਣੇ ਘਰ ’ਚ ਹੀ ਖੁਦਕੁਸ਼ੀ ਕਰ ਲਈ ਜਦੋਂ ਕੰਮ ਕਰਨ ਵਾਲੀ ਘਰ ਆਈ ਤਾਂ ਉਸ ਵੱਲੋਂ ਆਵਾਜ਼ਾਂ ਦੇਣ @ਤੇ ਅਰਪਿਤ ਨੇ ਦਰਵਾਜ਼ਾ ਨਹੀਂ ਖੋਲ੍ਹਿਆ ਜਿਸ ਤੋਂ ਬਾਅਦ ਗੁਆਂਢੀਆਂ ਨੇ ਦਰਵਾਜ਼ਾ ਖੋਲ੍ਹ ਕੇ ਦੇਖਿਆ ਤਾਂ ਅਰਪਿਤ ਪੱਖੇ ਨਾਲ ਫਾਹਾ ਲਗਾ ਕੇ ਖੁਦਕੁਸ਼ੀ ਕਰ ਚੁੱਕਿਆ ਸੀ ਜਿਸਦੇ ਬਾਅਦ ਉਨ੍ਹਾਂ ਇਸਦੀ ਸੂਚਨਾ ਅਰਪਿਤ ਦੇ ਪਰਿਵਾਰ ਵਾਲਿਆਂ ਨੂੰ ਦਿੱਤੀ ਗਈ ਜਿਹੜੇ ਅਬੋਹਰ ਤੋਂ ਦਿੱਲੀ ਪਹੁੰਚੇ ਉਥੇ ਦਿੱਲੀ ਪੁਲਸ ਨੇ ਮ੍ਰਿਤਕ ਦੀ ਲਾਸ਼ ਦਾ ਪੋਸਟਮਾਰਟਮ ਕਰਵਾਉਣ ਮਗਰੋਂ ਲਾਸ਼ ਪਰਿਵਾਰ ਵਾਲਿਆਂ ਨੂੰ ਸੌਂਪ ਦਿੱਤੀ ਮ੍ਰਿਤਕ ਦੀ ਮਾਂ ਅੰਜੂ ਬਾਲਾ ਇਸ ਤੋਂ ਪਹਿਲਾਂ ਅਬੋਹਰ ਨਿਗਮ ਵਿੱਚ ਲੰਬੇ ਸਮੇਂ ਤੱਕ ਇੰਸਪੈਕਟਰ ਦੇ ਤੌਰ ਤੇ ਕੰਮ ਕਰਦੀ ਰਹੀ ਹੈ।

# ਫਿਰੋਜ਼ਪੁਰ ਪੁਲਸ ਨੇ ਚੋਰ ਗਿਰੋਹ ਦੇ 5 ਮੈਂਬਰ ਕੀਤੇ ਕਾਬੂ, ਚੋਰੀ ਦੇ 10 ਮੋਟਰਸਾਈਕਲ ਬਰਾਮਦ





**ਫਿਰੋਜ਼ਪੁਰ/ਲੋਕ ਬਾਣੀ**

ਸ਼ਹਿਰ ਦੀ ਦਾਣਾ ਮੰਡੀ ਦੇ ਇਲਾਕੇ ’ਚ ਸਬ-ਇੰਸਪੈਕਟਰ ਅਜਮੇਰ ਸਿੰਘ ਦੀ ਅਗਵਾਈ ’ਚ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਨੇ ਚੋਰ ਗਿਰੋਹ ਦੇ 5 ਮੈਂਬਰਾਂ ਨੂੰ 10 ਚੋਰੀ ਦੇ ਮੋਟਰਸਾਈਕਲਾਂ ਸਮੇਤ ਕਾਬੂ ਕੀਤਾ ਹੈ ਤੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ

ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ.ਐੱਸ.ਪੀ ਸਤਵਿੰਦਰ ਸਿੰਘ ਵਿਰਕ ਅਤੇ ਥਾਣਾ ਸਿਟੀ ਦੇ ਐੱਸ.ਐੱਚ.ਓ ਇੰਸਪੈਕਟਰ ਮੋਹਿਤ ਧਵਨ ਨੇ ਦੱਸਿਆ ਕਿ ਜਦੋਂ ਸਬ-ਇੰਸਪੈਕਟਰ ਅਜਮੇਰ ਸਿੰਘ ਦੀ ਅਗਵਾਈ ’ਚ ਪੁਲਸ ਪਾਰਟੀ ਜ਼ੀਰਾ ਗੇਟ ਦੇ ਇਲਾਕੇ ਵਿਚ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਅਤੇ ਗਸ਼ਤ ਕਰ ਰਹੀ ਸੀ ਤਾਂ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਰਮਨਦੀਪ ਸਿੰਘ ਉਰਫ਼ ਦੀਪਾ, ਹਰਦੀਪ ਸਿੰਘ ਵਾਸੀ ਪਿੰਡ ਕੋਹਰ ਸਿੰਘ ਵਾਲਾ, ਰਾਕੇਸ਼ ਪੁੱਤਰ ਅਨਵਰ ਵਾਸੀ ਨਵੀਂ ਆਬਾਦੀ, ਸ਼ੀਸ਼ਾ ਪੁੱਤਰ ਬਿੱਲਾ ਵਾਸੀ ਜਨਤਾ ਪ੍ਰੀਤ ਨਗਰ ਅਤੇ ਸਾਹਿਲ ਵਾਸੀ ਪਿੰਡ ਸੂਬਾ ਕਾਹਨ, ਵਾਹਨ ਚੋਰੀ ਕਰਕੇ ਅੱਗੇ ਵੇਚਦੇ ਹਨ, ਜੋ ਕਿ ਦਾਣਾ ਮੰਡੀ ਦੇ ਗੇਟ ਨੰ. 2 ਨੇੜੇ ਚੋਰੀ ਦੇ ਮੋਟਰਸਾਈਕਲ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਹੇ ਹਨ

ਉਨ੍ਹਾਂ ਦੱਸਿਆ ਕਿ ਇਸ ਸੂਚਨਾ ਦੇ ਆਧਾਰ ’ਤੇ ਅਜਮੇਰ ਸਿੰਘ ਅਤੇ ਉਨ੍ਹਾਂ ਦੀ ਪੁਲਸ ਪਾਰਟੀ ਨੇ ਤੁਰੰਤ ਛਾਪਾਮਾਰੀ ਕਰਦੇ ਨਾਮਜ਼ਦ 5 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ ਚੋਰੀ ਦੇ 10 ਮੋਟਰਸਾਈਕਲ ਬਰਾਮਦ ਕੀਤੇ ਹਨ ਸਬ-ਇੰਸਪੈਕਟਰ ਅਜਮੇਰ ਸਿੰਘ ਨੇ ਦੱਸਿਆ ਕਿ ਚੋਰ ਗਿਰੋਹ ਦੇ ਇਨ੍ਹਾਂ ਮੈਂਬਰਾਂ ਨੂੰ ਅਦਾਲਤ ’ਚ ਪੇਸ਼ ਕਰਕੇ ਇਨ੍ਹਾਂ ਦਾ ਪੁਲਸ ਰਿਮਾਂਡ ਲਿਆ ਜਾਵੇਗਾ ਅਤੇ ਪਤਾ ਲਗਾਇਆ ਜਾਵੇਗਾ ਕਿ ਇਹ ਮੋਟਰਸਾਈਕਲ ਕਿਹੜੇ ਕਿਹੜੇ ਇਲਾਕੇ ’ਚੋਂ ਚੋਰੀ ਕਰਦੇ ਸਨ ਅਤੇ ਅੱਗੇ ਕਿੱਥੇ ਵੇਚਦੇ ਸਨ।

# ਗੈਂਗਸਟਰ ਗੋਲਡੀ ਬਰਾੜ ਦੇ ਨਾਂ ’ਤੇ ਮੰਗੀ 5 ਲੱਖ ਦੀ ਫਿਰੌਤੀ



**ਅੰਮ੍ਰਿਤਸਰ/ਲੋਕ ਬਾਣੀ**

ਥਾਣਾ ਕੰਬੋ ਦੀ ਪੁਲਸ ਨੇ 5 ਲੱਖ ਰੁਪਏ ਦੀ ਫਿਰੌਤੀ ਮੰਗਣ ਦੇ ਮਾਮਲੇ ’ਚ ਗੈਂਗਸਟਰ ਗੋਲਡੀ ਬਰਾੜ @ਤੇ ਕੇਸ ਦਰਜ ਕੀਤਾ ਹੈ ਪੁਲਸ ਨੂੰ ਦਿੱਤੀ ਸ਼ਿਕਾਇਤ ’ਚ ਜਸਬੀਰ ਸਿੰਘ ਵਾਸੀ ਵਡਾਲਾ ਭਿੱਟੇਵੱਡ ਨੇ ਦੱਸਿਆ ਕਿ ਬੀਤੀ ਰਾਤ ਕਰੀਬ 11 ਵਜੇ ਇਕ ਵਿਦੇਸ਼ੀ ਫੋਨ ਨੰਬਰ ਤੋਂ ਉਸ ਦੇ ਮੋਬਾਇਲ @ਤੇ ਫੋਨ ਆਇਆ ਫੋਨ ਕਰਨ ਵਾਲੇ ਨੇ ਦੱਸਿਆ ਕਿ ਉਹ ਗੋਲਡੀ ਬਰਾੜ ਹੈ ਤੇ ਉਸ ਨੇ ਮੇਰੇ ਕੋਲੋਂ 5 ਲੱਖ ਰੁਪਏ ਦੀ ਫਿਰੌਤੀ ਮੰਗੀ ਫਿਰੌਤੀ ਨਾ ਦੇਣ ਦੀ ਸੂਰਤ ’ਚ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਅਗਨੀਪਥ ਯੋਜਨਾ ਦਾ ਪੰਜਾਬ ’ਚ ਵੀ ਵਿਰੋਧ, ਪਟਿਆਲਾ ਦੇ ਰੇਲਵੇ ਸਟੇਸ਼ਨ ’ਤੇ ਵਾਧੂ ਫੋਰਸ ਤਾਇਨਾਤ



**ਪਟਿਆਲਾ/ਲੋਕ ਬਾਣੀ-** ਕੇਂਦਰ ਸਰਕਾਰ ਵੱਲੋਂ ਫ਼ੌਜ ’ਚ ਭਰਤੀ ਲਈ ਬਣਾਈ ਗਈ ਅਗਨੀਪਥ ਯੋਜਨਾ ਦਾ ਪੂਰੇ ਦੇਸ਼ ਵਿੱਚ ਨੌਜਵਾਨਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ ਬੀਤੇ ਦਿਨੀਂ ਯੂ.ਪੀ., ਬਿਹਾਰ ਵਿੱਚ ਇਸ ਯੋਜਨਾ ਦਾ ਵਿਰੋਧ ਕਰਦਿਆਂ ਨੌਜਵਾਨਾਂ ਨੇ ਰੇਲਵੇ ਸਟੇਸ਼ਨਾਂ ਨੂੰ ਨਿਸ਼ਾਨਾ ਬਣਾਉਂਦਿਆਂ ਅੱਗ ਦੀ ਭੇਟ ਕਰ ਦਿੱਤਾ ਸੀ ਦੇਸ਼ ਭਰ ’ਚ ਹੋ ਰਿਹਾ @ਅਗਨੀਪਥ@ ਦਾ ਵਿਰੋਧ ਹੁਣ ਪੰਜਾਬ ਵਿੱਚ ਵੀ ਦਸਤਕ ਦੇ ਚੁੱਕਾ ਹੈ ਨੌਜਵਾਨਾਂ ਨੇ ਜਿੱਥੇ ਰੇਲਵੇ ਸਟੇਸ਼ਨਾਂ ਦੀ ਭੰਨ-ਤੋੜ ਕਰਕੇ ਕੇਂਦਰ ਸਰਕਾਰ ਖ਼ਿਲਾਫ਼ ਆਪਣਾ ਗੁੱਸਾ ਜ਼ਾਹਿਰ ਕੀਤਾ, ਉਥੇ ਹੀ ਲੁਧਿਆਣਾ ਤੋਂ ਬਾਅਦ ਹੁਣ ਪਟਿਆਲਾ ਵੀ ਪੁਲਸ ਪੂਰੀ ਤਰ੍ਹਾਂ ਮੁਸਤੈਦ ਨਜ਼ਰ ਆ ਰਹੀ ਹੈ

ਪਟਿਆਲਾ ਦੇ ਐੱਸ.ਐੱਸ.ਪੀ. ਦੀਪਕ ਪਾਰਿਕ ਦੀ ਅਗਵਾਈ ’ਚ ਅੱਜ ਰੇਲਵੇ ਸਟੇਸ਼ਨ ਦੀ ਗੰਭੀਰਤਾ ਨਾਲ ਚੈਕਿੰਗ ਕੀਤੀ ਗਈ ਤੇ ਲਾਅ ਐਂਡ ਆਰਡਰ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਰੇਲਵੇ ਸਟੇਸ਼ਨ @ਤੇ ਵਾਧੂ ਫੋਰਸ ਤਾਇਨਾਤ ਕੀਤੀ ਗਈ ਹੈ, ਜਿਸ ਵਿਚ ਜੀ.ਆਰ.ਪੀ.ਐੱਫ.ਏ. ਆਰ.ਪੀ.ਐੱਫ. ਤੋਂ ਇਲਾਵਾ ਪੰਜਾਬ ਪੁਲਸ ਦੇ ਜਵਾਨ ਵੀ ਤਾਇਨਾਤ ਕੀਤੇ ਗਏ ਹਨ।

# 'ਆਪ' ਦੇ ਜਲੰਧਰ ਹਲਕਾ ਇੰਚਾਰਜ ਸੁਰਿੰਦਰ ਸਿੰਘ ਸੋਢੀ ਨੂੰ ਮਿਲਿਆ ਸਰਬ ਨੌਜਵਾਨ ਸਭਾ ਦਾ ਵਫਦ



**ਫਗਵਾੜਾ/ਲੋਕ ਬਾਣੀ:-** ਸਰਬ ਨੌਜਵਾਨ ਸਭਾ (ਰਜਿ.) ਫਗਵਾੜਾ ਵਲੋਂ ਆਪਣੀਆਂ ਸਰਗਰਮੀਆਂ ਨੂੰ ਗੁਆਂਢੀ ਜਿਲਿਆਂ ਤੱਕ ਵਧਾਉਣ ਦੇ ਉਦੇਸ਼ ਨਾਲ ਅਹੁਦੇਦਾਰਾਂ ਦੇ ਇਕ ਵਫਦ ਨੇ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ 'ਚ ਆਮ ਆਦਮੀ ਪਾਰਟੀ ਵਿਧਾਨਸਭਾ ਹਲਕਾ ਜਲੰਧਰ ਦੇ ਇੰਚਾਰਜ ਅਤੇ ਹਾਕੀ ਉਲੰਪੀਅਨ ਸੁਰਿੰਦਰ ਸਿੰਘ ਸੋਢੀ ਸੇਵਾ ਮੁਕਤ ਆਈ.ਜੀ. ਪੰਜਾਬ ਪੁਲਿਸ ਨਾਲ ਮੁਲਾਕਾਤ ਕੀਤੀ ਅਤੇ ਸਭਾ ਦੀਆਂ ਸਰਗਰਮੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਇਸ ਮੁਲਾਕਾਤ ਦੌਰਾਨ ਸ੍ਰੀ ਸੋਢੀ ਨੇ ਕਿਹਾ ਕਿ ਵਲੰਟੀਅਰ ਸੰਸਥਾਵਾਂ ਦੀ ਪੰਜਾਬ ਵਿੱਚ ਵੱਡੀ ਲੋੜ ਹੈ ਜੋ ਕਿ ਸਰਕਾਰੀ ਪ੍ਰਾਜੈਕਟਾਂ ਨੂੰ ਸੁਖਾਵੇਂ ਢੰਗ ਨਾਲ ਪੂਰਿਆਂ ਕਰਨ ਲਈ ਅਹਿਮ ਭੂਮਿਕਾ ਨਿਭਾ ਸਕਦੇ ਹਨ ਉਹਨਾ ਨੇ ਸਰਬ ਨੌਜਵਾਨ ਸਭਾ ਦੀਆਂ 33 ਸਾਲਾਂ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਉਹ ਆਪ ਵੀ ਲੰਮੇ ਸਮੇਂ ਤੋਂ ਸਭਾ ਦੇ ਨਾਲ ਜੁੜੇ ਹੋਏ ਹਨ ਉਹਨਾ ਵਫਦ ਨੂੰ ਭਰੋਸਾ ਦਿੱਤਾ ਕਿ ਜਲਦੀ ਹੀ ਉਹ ਸਭਾ ਦੇ ਅਹੁਦੇਦਾਰਾਂ ਦੀ ਮੁੱਖ ਮੰਤਰੀ ਸ. ਭਗਵੰਤ ਮਾਨ ਨਾਲ ਮੀਟਿੰਗ ਕਰਵਾਉਣਗੇ ਇਸ ਤੋਂ ਪਹਿਲਾਂ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਜਿੱਥੇ ਜਲੰਧਰ ਜਿਲ੍ਹੇ 'ਚ ਸਭਾ ਦੀਆਂ ਗਤੀਵਿਧੀਆਂ ਵਧਾਉਣ ਲਈ ਸਹਿਯੋਗ ਮੰਗਿਆ ਉੱਥੇ ਹੀ ਦੱਸਿਆ ਕਿ ਸੁਰਿੰਦਰ ਸਿੰਘ ਸੋਢੀ ਨੇ ਸਭਾ ਵਲੋਂ ਕੀਤੇ ਜਾਂਦੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹਾਂ ਅਤੇ ਲੜਕੀਆਂ ਲਈ ਕਿੱਤਾ ਮੁੱਖੀ ਸਿਖਲਾਈ ਕੋਰਸ ਸ਼ੁਰੂ ਕਰਨ 'ਚ ਅਹਿਮ ਭੂਮਿਕਾ ਨਿਭਾਈ ਹੈ ਵਫਦ ਵਿਚ ਸ਼ਾਮਲ ਰਹੇ ਸਰਬ ਨੌਜਵਾਨ ਸਭਾ ਦੀ ਅਡਵਾਇਜ਼ਰੀ ਕਮੇਟੀ ਦੇ ਮੈਂਬਰ ਪਵਨ ਕੁਮਾਰ ਬੀਸਲਾ, ਜੋ ਕਿ ਡਿਪਟੀ ਚੀਫ ਇੰਜੀਨੀਅਰ, ਮੀਟਰਿੰਗ ਸਰਕਲ ਜਲੰਧਰ ਹਨ ਨੇ ਕਿਹਾ ਕਿ ਉਹ ਸਭਾ ਵਲੋਂ ਬੂਟੇ ਲਗਾਉਣ ਅਤੇ ਫਗਵਾੜਾ ਸਮੇਤ ਆਲੇ ਦੁਆਲੇ ਦੇ ਜਿਲ੍ਹਿਆਂ ਨੂੰ ਹਰਿਆ ਭਰਿਆ ਬਨਾਉਣ ਲਈ ਮੁਹਿੰਮ ਆਰੰਭਣਗੇ ਉਹਨਾਂ ਦੱਸਿਆ ਕਿ ਸਰਬ ਨੌਜਵਾਨ ਸਭਾ ਵਲੋਂ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਜਲਦੀ ਹੀ ਕੰਪਿਊਟਰ ਟਰੇਨਿੰਗ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ ਵਫਦ ਵਿਚ ਹੋਰਨਾਂ ਤੋਂ ਇਲਾਵਾ ਹੁਸਨ ਲਾਲ ਸਾਬਕਾ ਕੌਂਸਲਰ, ਜਗਜੀਤ ਸੇਠ, ਨਰਿੰਦਰ ਸੈਣੀ, ਸਾਹਿਬਜੀਤ ਸਾਬੀ, ਜਸ਼ਨ ਮਹਿਰਾ, ਮਨਦੀਪ ਸਿੰਘ, ਮੈਡਮ ਗੁਰਪ੍ਰੀਤ ਕੌਰ, ਮੈਡਮ ਸੁਖਜੀਤ ਕੌਰ, ਮੈਡਮ ਟੀਸ਼ਾ, ਰਾਜ ਕੁਮਾਰ ਕਨੌਜੀਆ, ਡਾ: ਵਿਜੇ ਕੁਮਾਰ, ਡਾ: ਕੁਲਦੀਪ ਸਿੰਘ, ਰਵਿੰਦਰ ਸਿੰਘ ਰਾਏ ਆਦਿ ਸ਼ਾਮਲ ਸਨ।

# ਬਾਬਾ ਸ੍ਰੀ ਚੰਦ ਖਾਲਸਾ ਕਾਲਜ ਗਾਹਲੜੀ ਚ 15 ਦਿਨਾਂ ਫ੍ਰੀ ਕਲਾਸਾਂ ਦਾ ਆਯੋਜਨ



**ਗੁਰਦਾਸਪੁਰ-ਨਵਨੀਤ ਕੁਮਾਰ**

ਬਾਬਾ ਸ੍ਰੀ ਚੰਦ ਖਾਲਸਾ ਕਾਲਜ ਫਾਰ ਵੂਮੈਨ ਗਾਹਲੜੀ ਵਿੱਖੇ ਕਾਲਜ ਵੱਲੋਂ ਵਿਦਿਆਰਥਣਾਂ ਲਈ 1 ਜੂਨ ਤੋਂ 15 ਜੂਨ 2022 ਤੱਕ ਫ੍ਰੀ ਹੋਬੀ ਕਲਾਸਾਂ ਸਮਰ ਕੈਂਪ ਲਗਾਇਆ ਗਿਆ ਜਿਸ ਵਿੱਚ ਇਲਾਕੇ ਦੀਆਂ ਵਿਦਿਆਰਥਣਾਂ ਨੇ ਆਪਣਾ ਉਤਸ਼ਾਹ ਵਿਖਾਉਂਦੇ ਹੋਏ ਸਲਾਈ,ਕਢਾਈ,ਪੇਟਿੰਗ ,ਕੰਪਿਊਟਰ ਅਤੇ ਅੰਗਰੇਜੀ ਦੀਆਂ ਕਲਾਸਾਂ ਲਗਾਈਆਂ ਗਈਆਂ ਕਾਲਜ ਕੋਆਰਡੀਨੇਟਰ ਮੈਡਮ ਹਰਦੀਪ ਕੌਰ ਨੇ ਵਿਦਿਆਰਥਣਾਂ ਨੂੰ ਫ੍ਰੀ ਸਮੇਂ ਦੀ ਸਹੀ ਵਰਤੋਂ ਕਰਦਿਆਂ ਹੱਸਣ ਕਲਾ ਵਿੱਚ ਮੁਹਾਰਤ ਹਾਸਲ ਕਰਨ ਲਈ ਪ੍ਰੇਰਿਤ ਕੀਤਾ।

# ਅਫ਼ਗਾਨਿਸਤਾਨ 'ਚ ਗੁਰਦੁਆਰਾ ਕਰਤੇ ਪ੍ਰਵਾਨ 'ਚ ਹੋਏ ਹਮਲੇ ਦੀ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਖ਼ਤ ਸ਼ਬਦਾਂ ਵਿਚ ਕੀਤੀ ਨਿੰਦਾ

**ਸੰਗਰੂਰ/ਲੋਕ ਬਾਣੀ**

ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬਲ ਦੇ ਗੁਰਦੁਆਰਾ ਕਰਤੇ ਪ੍ਰਵਾਨ 'ਚ ਸਵੇਰ ਸਮੇਂ ਅੱਤਵਾਦੀਆਂ ਵੱਲੋਂ ਕੀਤੇ ਗਏ ਹਮਲੇ ਦੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ ਉਨ੍ਹਾਂ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਤੇ ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਨੂੰ ਈਮੇਲ ਕਰਕੇ ਅਪੀਲ ਕੀਤੀ ਕਿ ਉਹ ਅਫ਼ਗਾਨਿਸਤਾਨ ਵਿਚ ਰਹਿੰਦੇ ਘਟਗਿਣਤੀ ਸਿੱਖਾਂ ਦੀ ਸਰੁੱਖਿਆ ਲਈ ਤੁਰੰਤ ਠੋਸ ਕਦਮ ਚੁਕਣ ਅਤੇ ਉਨ੍ਹਾਂ ਨੂੰ ਭਾਰਤ ਲਿਆ ਕੇ ਵਸਾਉਣ ਲਈ ਯਤਨ ਤੇਜ ਕਰਨ ਐਡਵੋਕੇਟ ਧਾਮੀ ਨੇ ਕਿਹਾ ਕਿ ਅਫ਼ਗਾਨਿਸਤਾਨ ਵਿਚ ਇਸ ਤੋਂ ਪਹਿਲਾਂ ਵੀ ਸਿੱਖਾਂ 'ਤੇ ਕਈ ਵਾਰ ਹਮਲੇ ਹੋ ਚੁੱਕੇ ਹਨ ਅਤੇ ਉਥੇ ਵੱਸਦੇ ਸਿੱਖਾਂ ਦੀਆਂ ਮੁਸ਼ਕਲਾਂ ਵਿਚ ਨਿਰੰਤਰ ਵਾਧਾ ਹੋ ਰਿਹਾ ਹੈ, ਜਿਸ ਕਰਕੇ ਸਿੱਖਾਂ ਅੰਦਰ ਚਿੰਤਾ ਅਤੇ ਡਰ ਦਾ ਮਾਹੌਲ ਹੈ ਉਨ੍ਹਾਂ ਕਿਹਾ ਕਿ ਸਿੱਖਾਂ ਨੇ ਜਿਸ ਵੀ ਦੇਸ਼ ਵਿਚ ਵਾਸਾ ਕੀਤਾ ਹੈ, ਉਥੋਂ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਸਿਰਤੋੜ ਯਤਨ ਕੀਤੇ ਹਨ ਸਿੱਖਾਂ ਨੇ ਆਪਣੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ 'ਤੇ ਚੱਲਦਿਆਂ ਹਰ ਇਕ ਨਾਲ ਮਿਲਵਰਤਨ ਦੀ ਰਵਾਇਤ ਕਾਇਮ ਰੱਖੀ ਹੈ॥



ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਅਫ਼ਗਾਨਿਸਤਾਨ ਵਿਚ ਕਈ ਇਤਿਹਾਸਕ ਗੁਰਦੁਆਰਾ ਸਾਹਿਬਾਨ ਮੌਜੂਦ ਹਨ ਅਤੇ ਸਦੀਆਂ ਤੋਂ ਸਿੱਖ ਉਥੇ ਵੱਸ ਰਹੇ ਹਨ ਪਰੰਤੂ ਕੁਝ ਕੱਟੜ ਸੋਚ ਵਾਲੇ ਲੋਕ ਧਰਮ ਦੇ ਇਤਿਹਾਸ, ਰਵਾਇਤਾਂ, ਪ੍ਰੰਪਰਾਵਾਂ ਅਤੇ ਪ੍ਰੇਰਨਾਵਾਂ ਨੂੰ ਭੁੱਲ ਕੇ ਸਿੱਖਾਂ ਨੂੰ ਨਿਸ਼ਾਨਾ ਬਣਾ ਰਹੇ ਹਨ, ਜੋ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਹੈ ਐਡਵੋਕੇਟ ਧਾਮੀ ਨੇ ਕਿਹਾ ਕਿ ਦੋ ਦਿਨ ਪਹਿਲਾਂ ਹੀ ਸ਼੍ਰੋਮਣੀ ਕਮੇਟੀ ਵਫਦ ਨੇ ਭਾਰਤ ਦੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਨਾਲ ਮੁਲਾਕਾਤ ਕਰਕੇ ਅਫ਼ਗਾਨਿਸਤਾਨ ਵਿਚ ਫਸੇ ਸਿੱਖਾਂ ਨੂੰ ਭਾਰਤ ਲਿਆਉਣ ਅਤੇ ਪਹਿਲਾਂ ਆਏ ਸਿੱਖਾਂ ਨੂੰ ਇਥੇ ਪੱਕੇ ਤੌਰ 'ਤੇ ਵਸਾਉਣ ਲਈ ਕਿਹਾ ਹੈ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਅਫ਼ਗਾਨਿਸਤਾਨ 'ਚ ਵਸੇ ਸਿੱਖਾਂ ਪ੍ਰਤੀ ਪੂਰੀ ਸਿੱਖ ਕੌਮ ਚਿੰਤਾ ਵਿਚ ਹੈ ਅਤੇ ਸਰਕਾਰਾਂ ਨੂੰ ਵੀ ਸਿੱਖਾਂ ਦੀ ਸੁਰੱਖਿਆ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ ਐਡਵੋਕੇਟ ਧਾਮੀ ਨੇ ਸੰਯੁਕਤ ਰਾਸ਼ਟਰ ਨੂੰ ਵੀ ਅਪੀਲ ਕੀਤੀ ਕਿ ਉਹ ਅਫ਼ਗਾਨਿਸਤਾਨ 'ਚ ਸਿੱਖਾਂ ਦੀ ਸੁਰੱਖਿਆ ਯਕੀਨੀ ਬਨਾਉਣ ਲਈ ਪਹਿਲ ਕਦਮੀ ਕਰੇ।

# ਭਾਜਪਾ ਕਥਨੀ ਅਤੇ ਕਰਨੀ ਦੀ ਧਨੀ, ਜੋ ਕਹਿੰਦੀ ਹੈ ਕਰਕੇ ਵੀ ਦਿਖਾਉਂਦੀ ਹੈ-ਰਾਣਾ ਗੁਰਮੀਤ ਸਿੰਘ ਸੋਢੀ



**ਸੰਗਰੂਰ/ਲੋਕ ਬਾਣੀ**

ਸੰਗਰੂਰ ਲੋਕ ਸਭਾ ਜ਼ਿਮਨੀ ਚੋਣ ਲਈ ਭਾਜਪਾ ਦੇ ਉਮੀਦਵਾਰ ਕੇਵਲ ਸਿੰਘ ਢਿੱਲੋਂ ਦੀ ਜਿੱਤ ਹੋਣੀ ਤੈਅ ਹੈ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਸੀਨੀਅਰ ਭਾਜਪਾ ਆਗੂ ਸਤਵੰਤ ਸਿੰਘ ਪੂਨੀਆ ਅਤੇ ਭਾਜਪਾ ਦੇ ਕਿਸਾਨ ਸੈੱਲ ਦੇ ਸੀਨੀਅਰ ਆਗੂ ਅਮਨਦੀਪ ਸਿੰਘ ਪੂਨੀਆਂ ਦੇ ਨਿਵਾਸ ਸਥਾਨ ਤੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਭਾਜਪਾ ਦੀਆਂ ਜਨਤਾ ਅਤੇ ਦੇਸ਼ ਹਿੱਤ ਨੀਤੀਆਂ ਕਾਰਨ ਲੋਕ ਭਾਜਪਾ ਨਾਲ ਜੁੜ ਰਹੇ ਹਨ ਲੋਕ ਸਮਝ ਚੁੱਕੇ ਹਨ ਕਿ ਹੋਰਨਾਂ ਰਾਜਨੀਤਕ ਪਾਰਟੀਆਂ ਦੇ ਪੱਲੇ ਝੂਠ ਬੋਲਣ ਅਤੇ ਸਬਜ਼ਬਾਗ ਦਿਖਾਉਣ ਤੋਂ ਇਲਾਵਾ ਹੋਰ ਕੁਝ ਨਹੀਂ ਹੈ ਉਨ੍ਹਾਂ ਦੀ ਕਥਨੀ ਅਤੇ ਕਰਨੀ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ ਭਾਜਪਾ ਹੀ ਉਨ੍ਹਾਂ ਦੀ ਇੱਕੋ-ਇੱਕ ਹਿਤੈਸ਼ੀ ਪਾਰਟੀ ਹੈ ਭਾਜਪਾ ਕਥਨੀ ਅਤੇ ਕਰਨੀ ਦੀ ਧਨੀ ਹੈ ਭਾਜਪਾ ਜੋ ਕਹਿੰਦੀ ਹੈ ਉਹ ਕਰਕੇ ਵੀ ਦਿਖਾਉਂਦੀ ਹੈ ਰਾਣਾ ਗੁਰਮੀਤ ਸਿੰਘ ਸੋਢੀ ਨੇ ਅੱਗੇ ਕਿਹਾ ਕਿ ਸਤਵੰਤ ਸਿੰਘ ਪੂਨੀਆ ਅਤੇ ਅਮਨਦੀਪ ਸਿੰਘ ਪੂਨੀਆ ਵੱਧ-ਚਡ੍ਹ ਕੇ ਜ਼ਿਮਨੀ ਚੋਣ ਲਈ ਪ੍ਰਚਾਰ ਕਰ ਰਹੇ ਹਨ ਸਾਡਾ ਸਭ ਦਾ ਇੱਕੋ-ਇੱਕ ਟੀਚਾ ਭਾਜਪਾ ਉਮੀਦਵਾਰ ਸਰਦਾਰ ਕੇਵਲ ਸਿੰਘ ਢਿੱਲੋਂ ਨੂੰ ਜਿੱਤ ਦਿਵਾਉਣਾ ਹੈ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਜਦੋਂ ਵੀ ਸੱਤਾ ਵਿੱਚ ਆਈ ਹੈ ਸੂਬੇ ਵਿਚ ਲਾਅ ਐਂਡ ਆਰਡਰ ਖ਼ਤਮ ਹੋ ਚੁੱਕਿਆ ਹੈ ਲੁੱਟਾਂ-ਖੋਹਾਂ, ਕਤਲ ਆਦਿ ਅਪਰਾਧਿਕ ਘਟਨਾਵਾਂ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ ਉਨ੍ਹਾਂ ਕਿਹਾ ਕਿ ਬਦਲਾਅ ਦਾ ਨਾਅਰਾ ਦੇ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਬਹੁਤ ਤੇਜ਼ੀ ਨਾਲ ਪੰਜਾਬ ਨੂੰ ਬਰਬਾਦੀ ਵੱਲ ਧੱਕ ਰਹੀ ਹੈ ਜਿਸ ਕਾਰਨ ਸੂਬਾ ਵਾਸੀਆਂ ਦਾ ਮੋਹ ਆਮ ਆਦਮੀ ਪਾਰਟੀ ਤੋਂ ਭੰਗ ਹੋ ਚੁੱਕਿਆ ਹੈ ਉਨ੍ਹਾਂ ਕਿਹਾ ਕਿ ਦੇਸ਼ ਸਮੇਤ ਸੂਬੇ ਵਿੱਚ ਵੀ ਕਾਂਗਰਸ ਲੱਗਭੱਗ ਖ਼ਤਮ ਹੋ ਚੁੱਕੀ ਹੈ ਅਤੇ ਸ਼੍ਰੋਮਣੀ ਅਕਾਲੀ ਦਲ (ਬ) ਵੀ ਆਪਣੀ ਹੋਂਦ ਨੂੰ ਬਚਾਉਣ ਦੀ ਲੜਾਈ ਲੜ ਰਿਹਾ ਹੈ।

# ਕਿਸਾਨਾਂ ਵੱਲੋਂ ਟਿਊਬਵੈਲ 10000 ਹਾਰਸ ਪਾਵਰ ਲੋਡ ਸਣੇ ਕੁੱਲ 42600 ਕਿਲੋਵਾਟ ਲੋਡ ਵਧਾਇਆ



**ਅੰਮ੍ਰਿਤਸਰ/ਰਾਜਾ ਕੋਟਲੀ**

ਮੁੱਖ ਮੰਤਰੀ ਭਗਵੰਤ ਮਾਨ ਵੱਲੋਂ 9 ਜੂਨ 2022 ਨੂੰ ਟਿਊਬਵੈਲ ਕੁਨੈਕਸ਼ਨਾਂ ਵਿਚ ਲੋਡ ਵਿਚ ਵਾਧੇ ਲਈ ਫੀਸ 4750 ਤੋਂ ਘਟਾ ਕੇ 2500 ਰੁਪਏ ਕਰਕੇ ਕਿਸਾਨਾਂ ਲਈ ਵੱਡਾ ਤੋਹਫਾ ਦਿੱਤਾ ਸੀ ਜਿਸ ਦਾ ਪੰਜਾਬ ਦੇ ਕਿਸਾਨਾਂ ਵੱਲੋ ਧੰਨਵਾਦ ਕੀਤਾ ਗਿਆ ਹੈ ਹਰਭਜਨ ਸਿੰਘ ਈ.ਟੀ.ਓ. ਬਿਜਲੀ ਮੰਤਰੀ ਪੰਜਾਬ, ਦੀ ਅਗਵਾਈ ਹੇਠ ਪੂਰੇ ਪੰਜਾਬ ਵਿਚ ਕਿਸਾਨਾ ਨੂੰ ਸਵੈ-ਇੱਛਤ ਲੋਡ ਵਧਾਉਣ ਸੰਬੰਧੀ ਸਕੀਮ ਦਾ ਲਾਭ ਦੇਣ ਲਈ ਕੈਂਪ ਲਗਾ ਕੇ ਅਤੇ ਕਿਸਾਨਾਂ ਤੱਕ ਪਹੁੰਚ ਕਰਕੇ, ਇਸਦਾ ਫਾਇਦਾ ਕਿਸਾਨਾਂ ਤੱਕ ਪਹੁੰਚਾਉਣ ਲਈ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਬਾਰਡਰ ਜ਼ੋਨ ਅਧੀਨ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ ਜਿਲ੍ਹਿਆਂ ਵਿਚ ਕੈਂਪ ਲਗਾਏ ਗਏ ਇੰਜੀ ਬਾਲ ਕ੍ਰਿਸ਼ਨ ਮੁੱਖ ਇੰਜੀਨੀਅਰ ਬਾਰਡਰ ਜ਼ੋਨ ਦੀ ਅਗਵਾਈ ਹੇਠ ਇੰਜੀ. ਗੁਰਸ਼ਰਨ ਸਿੰਘ ਖਹਿਰਾ, ਉੱਪ ਮੁੱਖ ਇੰਜੀਨੀਅਰ ਤਰਨਤਾਰਨ ਵੱਲੋਂ ਆਪਣੇ ਪੱਧਰ 'ਤੇ ਸਮੂਹ ਜ਼ਿਲ੍ਹਾ ਤਰਨਤਾਰਨ ਵਿਖੇ ਕੈਂਪ ਲਗਾ ਕੇ ਖੁੱਦ ਪਹੁੰਚ ਕਰਕੇ ਕਿਸਾਨਾਂ ਨੂੰ ਇਸ ਸਕੀਮ ਦਾ ਲਾਭ ਲੈਣ ਲਈ ਜਾਗਰੂਕ ਕੀਤਾ ਇੰਜੀ ਖਹਿਰਾ ਵੱਲੋਂ ਦੱਸਿਆ ਗਿਆ ਕਿ ਤਰਨਤਾਰਨ ਸਰਕਲ ਅਧੀਨ ਕੁੱਲ 94000 ਟਿਊਬਵੈਲ ਖਪਤਕਾਰ ਹਨ ਜਿਨ੍ਹਾਂ ਵਿਚੋਂ 3 ਬੀ.ਐੱਚ.ਪੀ. ਅਤੇ 5 ਬੀ.ਐੱਚ.ਪੀ. ਦੇ 17000 ਖਪਤਕਾਰ ਹਨ ਜਿੰਨ੍ਹਾਂ ਖਪਤਕਾਰਾਂ ਦੀਆਂ ਲਿਸਟਾਂ ਤਿਆਰ ਕਰਕੇ ਸਮੂਹ ਸਟਾਫ ਰਾਹੀਂ ਪਹੁੰਚ ਕੀਤੀ ਗਈ ਜਿਸਦੇ ਫਲਸਰੂਪ ਹਲਕਾ ਤਰਨਤਾਰਨ ਵਿਚ 17 ਜੂਨ ਤੱਕ 2281 ਖਪਤਕਾਰਾ ਵੱਲੋ ਤਕਰੀਬਨ 10000 ਬੀ.ਐੱਚ.ਪੀ. ਲੋਡ ਵਧਾਇਆ ਗਿਆ ਹੈ ਇਸਦੇ ਨਾਲ-ਨਾਲ ਪਿਛਲੇ 1.5 ਮਹੀਨੇ ਵਿਚ 11354 ਘਰੇਲੂ ਖਪਤਕਾਰਾਂ ਵੱਲੋ 23000 ਕਿਲੋਵਾਟ ਲੋਡ ਵਧਾਇਆ ਗਿਆ ਅਤੇ 6300 ਨਵੇਂ ਘਰੇਲੂ ਕਨੈਕਸ਼ਨ 13000 ਕਿਲੋਵਾਟ ਲੋਡ ਦੇ ਅਪਲਾਈ ਹੋਏ।

ਇੰਜੀ. ਬਾਲ ਕ੍ਰਿਸ਼ਨ ਮੁੱਖ ਇੰਜੀਨੀਅਰ ਬਾਰਡਰ ਜ਼ੋਨ ਵੱਲੋ ਦੱਸਿਆ ਗਿਆ ਕਿ ਇਸੇ ਤਰ੍ਹਾਂ ਹੀ ਗੁਰਦਾਸਪੁਰ ਸਰਕਲ ਵਿਚ ਟਿਊਬਵੈਲ਼ ਦੇ 1060 ਕਨੈਕਸ਼ਨਾਂ ਵੱਲੋਂ 2524 ਬੀ. ਐੱਚ. ਪੀ. ਅਤੇ ਅੰਮ੍ਰਿਤਸਰ ਸਬ ਅਰਬਨ ਸਰਕਲ ਅਧੀਨ 240 ਕਨੈਕਸ਼ਨ 858 ਬੀਐਚਪੀ ਲੋਡ ਅਧੀਨ ਸਵੈ-ਇੱਛਤ ਸਕੀਮ ਅਧੀਨ ਵਧਾਇਆ ਗਿਆ ਮੁੱਖ ਇੰਜੀਨੀਅਰ ਬਾਰਡਰ ਜ਼ੋਨ ਵੱਲੋਂ ਬਾਕੀ ਖਪਤਕਾਰਾ ਨੂੰ ਵੱਧ ਰਹੇ ਲੋਡ ਨੂੰ ਨਿਯਮਿਤ ਕਰਨ ਲਈ ਉਕਤ ਸਵੈ-ਇੱਛਤ ਸਕੀਮ ਫਾਇਦਾ ਲੈਣ ਦੀ ਅਪੀਲ ਕੀਤੀ ਜਾਂਦੀ ਹੈ ਇਸ ਦੇ ਨਾਲ-ਨਾਲ ਹੀ ਮੁੱਖ ਇੰਜੀਨੀਅਰ ਵੱਲੋਂ ਇਹ ਵੀ ਦੱਸਿਆ ਗਿਆ ਕਿ 17 ਜੂਨ ਨੂੰ ਸਵੈ-ਇੱਛਤ ਕੈਂਪ ਰਈਆ ਵਿਖੇ ਵਿਜ਼ਿਟ ਦੌਰਾਨ ਕਿਸਾਨਾਂ ਵੱਲੋ ਕੈਸ਼ 10000 ਰੁਪਏ ਦੀ ਲਿਮਿਟ ਨੂੰ ਘੱਟ ਦੱਸਿਆ ਗਿਆ ਜਿਸ ਦੇ ਸੰਬੰਧੀ ਤੁਰੰਤ ਇੰਜੀ. ਬਾਲ ਕ੍ਰਿਸ਼ਨ ਮੁੱਖ ਇੰਜੀਨੀਅਰ ਵੱਲੋਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਉਚ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਤੁਰੰਤ ਇਸ ਮਸਲੇ ਦਾ ਹੱਲ ਕੀਤਾ ਗਿਆ ਅਤੇ ਪੂਰੇ ਪੰਜਾਬ ਸੂਬੇ ਵਿਚ ਲੋਡ ਵਧਾਉਣ ਲਈ ਕੈਸ਼ ਜਮਾਂ ਕਰਵਾਉਣ ਦੀ ਲਿਮਟ ਨੂੰ 10000 ਤੋਂ ਵਧਾ ਕੇ 50000 ਕਰਵਾ ਦਿੱਤਾ ਗਿਆ॥

# ਮੋਬਾਇਲ ਫੋਨ ਚੋਰੀ ਹੋਣ 'ਤੇ ਪਰੇਸ਼ਾਨ ਜਨਾਨੀ ਨੇ ਨਿਗਲੀ ਜ਼ਹਿਰੀਲੀ ਵਸਤੂ



**ਗੁਰਦਾਸਪੁਰ/ਲੋਕ ਬਾਣੀ**

ਗੁਰਦਾਸਪੁਰ 'ਚ ਇਕ ਜਨਾਨੀ ਵਲੋਂ ਜ਼ਹਿਰੀਲੀ ਵਸਤੂ ਨਿਗਲ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨੂੰ ਪਰਿਵਾਰਕ ਮੈਂਬਰਾਂ ਨੇ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਦਾਖਲ ਕਰਵਾਇਆ ਹੈ ਇਸ ਸਬੰਧੀ ਜਦੋਂ ਪੀੜਤ ਜਨਾਨੀ ਮੀਨੂੰ ਪਤਨੀ ਮਨਜੀਤ ਨਿਵਾਸੀ ਦੀਨਾਨਗਰ ਨਾਲ ਗੱਲਬਾਤ ਕੀਤੀ ਤਾਂ ਉਸ ਨੇ ਦੱਸਿਆ ਕਿ ਉਸ ਦੇ ਇਕ ਰਿਸ਼ਤੇਦਾਰ ਵੱਲੋਂ ਉਸ ਦਾ ਮੋਬਾਇਲ ਫੋਨ ਚੋਰੀ ਕਰ ਲਿਆ ਗਿਆ ਸੀ। ਇਸ ਸਬੰਧੀ ਉਸ ਨੇ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ ਸੀ ਪਰ ਉਸ ਦਾ ਮੋਬਾਇਲ ਨਹੀ ਮਿਲੀਆ ਇਸ ਕਾਰਨ ਉਸ ਨੇ ਦੁਖੀ ਹੋ ਕੇ ਸਵੇਰੇ ਤੜਕਸਾਰ ਜ਼ਹਿਰੀਲੀ ਵਸਤੂ ਖਾ ਲਈ ਇਸ ਸਬੰਧੀ ਜਦ ਐਮਰਜੈਂਸੀ ਤਾਇਨਾਤ ਡਾਕਟਰ ਲਵ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਜਨਾਨੀ ਹਸਪਤਾਲ 'ਚ ਜ਼ੇਰੇ ਇਲਾਜ ਹੈ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ ਅਤੇ 72 ਘੰਟੇ ਡਾਕਟਰਾਂ ਦੀ ਨਿਗਰਾਨੀ ਹੇਠ ਰੱਖਿਆ ਗਿਆ ਹੈ।

# ਪਤਨੀ ਨੇ ਪਤੀ 'ਤੇ ਲਗਾਇਆ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਦਾ ਦੋਸ਼



**ਮੋਗਾ/ਲੋਕ ਬਾਣੀ**

ਮੋਗਾ ਜ਼ਿਲ੍ਹੇ ਦੇ ਪਿੰਡ ਦੀ ਰਹਿਣ ਵਾਲੀ ਇਕ ਲੜਕੀ ਨੇ ਆਪਣੇ ਪਤੀ 'ਤੇ ਉਸ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਏ ਜਾਣ ਅਤੇ ਉਸ ਦੇ ਦਾਜ ਦਾ ਸਾਰਾ ਸਾਮਾਨ ਖੁਰਦ-ਬੁਰਦ ਕਰ ਕੇ ਉਸ ਨੂੰ ਘਰੋਂ ਕੱਢਣ ਦਾ ਦੋਸ਼ ਲਗਾਇਆ ਹੈ ਇਸ ਸਬੰਧ ਵਿਚ ਪੀੜਤਾ ਦੇ ਪਤੀ ਅਮਨਦੀਪ ਸਿੰਘ, ਸਹੁਰਾ ਮਲੂਕ ਸਿੰਘ ਅਤੇ ਸੱਸ ਜਤਿੰਦਰ ਕੌਰ ਨਿਵਾਸੀ ਸਰਾਭਾ ਨਗਰ ਜ਼ੀਰਾ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ ਇਸ ਮਾਮਲੇ ਦੀ ਜਾਂਚ ਸਹਾਇਕ ਥਾਣੇਦਾਰ ਜਸਵਿੰਦਰ ਸਿੰਘ ਵੱਲੋਂ ਕੀਤੀ ਜਾ ਰਹੀ ਹੈ ਜਾਣਕਾਰੀ ਅਨੁਸਾਰ ਜ਼ਿਲ੍ਹਾ ਪੁਲਸ ਮੁਖੀ ਮੋਗਾ ਨੂੰ ਦਿੱਤੇ ਸ਼ਿਕਾਇਤ ਪੱਤਰ ਵਿਚ ਪੀੜਤਾ ਨੇ ਕਿਹਾ ਕਿ ਉਸਦਾ ਵਿਆਹ 19 ਜਨਵਰੀ 2017 ਨੂੰ ਅਮਨਦੀਪ ਸਿੰਘ ਨਾਲ ਧਾਰਮਿਕ ਰੀਤੀ ਰਿਵਾਜ਼ਾਂ ਅਨੁਸਾਰ ਹੋਇਆ ਸੀ ਵਿਆਹ ਸਮੇਂ ਮੇਰੇ ਮਾਪਿਆਂ ਨੇ ਆਪਣੀ ਹੈਸੀਅਤ ਅਨੁਸਾਰ ਦਾਜ ਵੀ ਦਿੱਤਾ ਮੈਂ ਆਈਲੈਟਸ ਕੀਤੀ ਹੋਈ ਸੀ ਅਤੇ ਅਮਨਦੀਪ ਸਿੰਘ ਮੇਰੇ ਰਾਹੀਂ ਆਸਟ੍ਰੇਲੀਆ ਜਾਣਾ ਚਾਹੁੰਦਾ ਸੀ ਪਰ ਮੇਰੀ ਫਾਈਲ ਰਿਜੈਕਟ ਹੋਣ ਕਾਰਣ ਮੇਰੇ ਪਤੀ ਅਤੇ ਦੂਸਰੇ ਦੋਸ਼ੀਆਂ ਨੇ ਮਿਲੀਭੁਗਤ ਕਰਕੇ ਮੈਨੂੰ ਆਪਣੇ ਝਾਂਸੇ ਵਿਚ ਲੈ ਲਿਆ ਅਤੇ ਤਲਾਕ ਦਾ ਕੇਸ ਤਿਆਰ ਕਰਵਾ ਕੇ 4 ਜੁਲਾਈ 2018 ਨੂੰ ਸਾਡਾ ਤਲਾਕ ਕਰ ਵਾ ਦਿੱਤਾ।

ਮੈਂ ਆਪਣੇ ਸਹੁਰੇ ਘਰ ਰਹਿੰਦੀ ਰਹੀ ਅਤੇ ਮੇਰਾ ਪਤੀ ਅਮਨਦੀਪ ਸਿੰਘ ਉਸ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦਾ ਰਿਹਾ ਕੁਝ ਸਮੇਂ ਬਾਅਦ ਮੇਰੇ ਨਾਲ ਲੜਾਈ ਝਗੜਾ ਕਰਨ ਲੱਗ ਪਏ ਅਤੇ ਮੈਨੂੰ ਧੱਕੇ ਮਾਰ ਕੇ ਘਰੋਂ ਕੱਢ ਦਿੱਤਾ ਅਤੇ ਮੇਰੇ ਦਾਜ ਦਾ ਸਾਰਾ ਸਾਮਾਨ ਵੀ ਖੁਰਦ-ਬੁਰਦ ਕਰ ਦਿੱਤਾ ਇਸ ਤਰ੍ਹਾਂ ਮੇਰੇ ਨਾਲ ਕਥਿਤ ਦੋਸ਼ੀਆਂ ਨੇ ਮਿਲੀਭੁਗਤ ਕਰ ਕੇ ਧੋਖਾ ਕੀਤਾ ਹੈ ਜ਼ਿਲ੍ਹਾ ਪੁਲਸ ਮੁਖੀ ਮੋਗਾ ਦੇ ਆਦੇਸ਼ਾਂ 'ਤੇ ਇਸ ਦੀ ਜਾਂਚ ਐੱਸ. ਪੀ. ਕ੍ਰਾਈਮ ਵੱਲੋਂ ਕੀਤੀ ਗਈ ਜਾਂਚ ਤੋਂ ਬਾਅਦ ਸ਼ਿਕਾਇਤ ਕਰਤਾ ਦੇ ਦੋਸ਼ ਸਹੀ ਪਾਏ ਜਾਣ 'ਤੇ ਦੋਸ਼ੀਆਂ ਖਿਲਾਫ ਥਾਣਾ ਸਦਰ ਮੋਗਾ ਵਿਚ ਮਾਮਲਾ ਦਰਜ ਕੀਤਾ ਗਿਆ ਹੈ, ਗ੍ਰਿਫਤਾਰੀ ਬਾਕੀ ਹੈ॥

# ਮਾਇਗ੍ਰੇਟਰੀ ਪਲਸ ਪੋਲੀਓ ਮੁਹਿੰਮ ਤਹਿਤ ਪੋਲੀਓ ਬੂੰਦਾਂ ਪਿਲਾਉਣ ਲਈ 33 ਟੀਮਾਂ ਨਿਯੁਕਤ




**ਫਗਵਾੜਾ/ਬੀ.ਕੇ.ਰੱਤੂ**

ਸਿਵਲ ਹਸਪਤਾਲ ਫਗਵਾੜਾ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕਮਲ ਕਿਸ਼ੋਰ ਨੇ ਮਾਇਗ੍ਰੇਟਰੀ ਪਲਸ ਪੋਲੀਓ ਮੁਹਿੰਮ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ 19 ਜੂਨ ਤੋਂ 21 ਜੂਨ ਤੱਕ ਚੱਲਣ ਵਾਲੀ ਤਿੰਨ ਰੋਜ਼ਾ ਮਾਇਗ੍ਰੇਟਰੀ ਪਲਸ ਪੋਲੀਓ ਮੁਹਿੰਮ ਤਹਿਤ ਡੋਰ ਟੂ ਡੋਰ 0 ਤੋਂ 5 ਸਾਲ ਤੱਕ ਦੇ ਪ੍ਰਵਾਸੀ ਬੱਚਿਆ ਨੂੰ ਹੀ ਪੋਲੀਓ ਬੂੰਦਾਂ ਪਿਲਾਈਆਂ ਜਾਣਗੀਆਂ ਉਨ੍ਹਾਂ ਸਿਹਤ ਕਰਮਚਾਰੀਆਂ ਨੂੰ ਹਿਦਾਇਤ ਕੀਤੀ ਕਿ ਕੋਈ ਵੀ ਬੱਚਾਂ ਪੋਲੀਓ ਬੂੰਦਾਂ ਤੋਂ ਵਾਂਝਾ ਨਾ ਰਹੇ, ਉਨ੍ਹਾਂ ਕਿਹਾ ਕਿ ਇਸ ਮੁਹਿੰਮ ਤਹਿਤ ਵੱਧ ਤੋਂ ਵੱਧ ਜਾਗਰੂਕਤਾ ਵੀ ਫੈਲਾਈ ਜਾਵੇ ਤਾਂ ਜੋ ਹਰੇਕ ਬੱਚੇ ਨੂੰ ਪੋਲੀਓ ਦੀ ਇਹ ਖ਼ੁਰਾਕ ਦਿੱਤੀ ਜਾ ਸਕੇ, ਉੱਥੇ ਹੀ ਬੱਚਿਆਂ ਦੇ ਮਨ੍ਹਾਂ ਵਿਚੋਂ ਡਰ ਕੱਢਿਆ ਜਾ ਸਕੇ ਇਸ ਪਲਸ ਪੋਲੀਓ ਮੁਹਿੰਮ ਸਬੰਧੀ ਹੋਰ ਵਧੇਰੇ ਜਾਣਕਾਰੀ ਦਿੰਦਿਆਂ ਨੋਡਲ ਅਫ਼ਸਰ (ਪਲਸ ਪੋਲੀਓ ) ਡਾ ਨਰੇਸ਼ ਕੁੰਦਰਾ ਨੇ ਦੱਸਿਆ ਕਿ ਮਾਇਗ੍ਰੇਟਰੀ ਪਲਸ ਪੋਲੀਓ ਮੁਹਿੰਮ ਤਹਿਤ ਪ੍ਰਵਾਸੀ ਬੱਚਿਆ ਨੂੰ ਪੋਲੀਓ ਬੂੰਦਾਂ ਪਿਲਾਉਣ ਲਈ ਸਿਹਤ ਵਿਭਾਗ ਦੀਆ 33 ਟੀਮਾਂ ਨਿਯੁਕਤ ਕੀਤੀਆ ਗਈਆ ਹਨ ਜੋ ਕੇ ਟੀਮਾਂ ਪ੍ਰਵਾਸੀ ਬੱਚਿਆਂ ਦੇ ਘਰਾਂ ਵਿੱਚ ਜਾਣਗੀਆ ਉਨ੍ਹਾਂ ਕਿਹਾ ਕਿ 6 ਸੁਪਰਵਾਈਜ਼ਰਾ, 4 ਝੁੱਗੀ ਕਲੱਸਟਰ, 2 ਭੱਠੇ 52127 ਮਾਇਗ੍ਰੇਟਰੀ ਅਬਾਦੀ ਦੇ 16125 ਘਰਾਂ ਦੇ 4012 ਬੱਚਿਆ ਨੂੰ ਪੋਲੀਓ ਦੀ ਇਹ ਵਾਧੂ ਖ਼ੁਰਾਕ ਦਿੱਤੀ ਜਾਵੇਗੀ ਤਾਂ ਜੋ ਇਸ ਸਰੀਰਕ ਤੌਰ @ਤੇ ਅਪਾਹਜ ਕਰ ਦੇਣ ਵਾਲੀ ਖਤਰਨਾਕ ਬਿਮਾਰੀ ਤੋਂ ਬਚਾਇਆ ਜਾ ਸਕੇ।

**0 ਤੋਂ 5 ਸਾਲ ਤੱਕ ਦੇ ਪ੍ਰਵਾਸੀ ਬੱਚਿਆ ਨੂੰ ਹੀ ਪਿਲਾਈਆ ਜਾਣਗੀਆ ਪੋਲੀਓ ਬੂੰਦਾਂ - ਡਾ.ਕਮਲ ਕਿਸ਼ੋਰ**

# ਆਪਾ ਸਿਰਫ ਪਿਤਾ ਦਿਵਸ ਮਨਾਉਣਾ ਸਿੱਖ ਗਏ ਹਾਂ ਪਰ ਪਿਤਾ ਪ੍ਰਤੀ ਫਰਜ਼ਾਂ ਨੂੰ ਭੁੱਲ ਗਏ ਹਾਂ

ਇਹ ਪਿਤਾ ਦਿਵਸ ਪੱਛਮੀ ਦੇਸ਼ਾਂ ਦੀ ਦੇਣ ਹੈ ਪਰ ਸਾਰੇ ਹੀ ਭਾਰਤ ਵਿੱਚ ਜੂਨ ਦੇ ਤੀਜੇ ਐਤਵਾਰ 'ਪਿਤਾ ਦਿਵਸ' ਮਨਾਇਆ ਜਾਂਦਾ ਹੈ ਕੀ ਬਾਕੀ ਦਿਨ ਪਿਤਾ ਦੀ ਕੋਈ ਭੂਮਿਕਾ ਨਹੀਂ ਹੁੰਦੀ ਆਪਾ ਸਿਰਫ ਪਿਤਾ ਦਿਵਸ ਮਨਾਉਣਾ ਸਿੱਖ ਗਏ ਹਾਂ ਪਰ ਪਿਤਾ ਪ੍ਰਤੀ ਫਰਜ਼ਾਂ ਨੂੰ ਭੁੱਲ ਚੁੱਕੇ ਹਾਂ ਪਿਤਾ ਦਿਵਸ ਮਨਾਉਣਾ ਗਲਤ ਨਹੀਂ ਪਰ ਪਿਤਾ ਦੇ ਪ੍ਰਤੀ ਫਰਜ਼ਾਂ ਤੇ ਪਿਤਾ ਦੀ ਅਹਿਮੀਅਤ ਨੂੰ ਸਮਝਣਾ ਜ਼ਰੂਰੀ ਹੈ ਦੋਸਤੋ ਪਿਤਾ ਕੋਈ ਯਾਦ ਰੱਖਣ ਵਾਲੀ ਚੀਜ਼ ਨਹੀਂ, ਜਿਸ ਲਈ ਕੋਈ ਦਿਨ ਨਿਸਚਤ ਕਰਕੇ ਉਸ ਦਿਨ ਹੀ ਪਿਤਾ ਨੂੰ ਯਾਦ ਕੀਤਾ ਜਾਵੇ ਕਦੇ ਕਿਸੇ ਨੇ ਵੀ ਇਸ ਦਿਵਸ ਬਾਰੇ ਜਾਣਨ ਦੀ ਕੋਸ਼ਸ਼ ਹੀ ਨਹੀ ਕੀਤੀ ਕਿ ਕੀ ਅਸੀਂ ਸੱਚਮੁੱਚ ਹੀ ਆਪਣੀ ਜ਼ਿੰਦਗੀ ਵਿੱਚ ਚੰਗੇ ਪੁੱਤਰ ਜਾਂ ਬੇਟੀ ਦੀ ਭੂਮਿਕਾ ਨਿਭਾ ਰਹੇ ਹਾਂ? ਕੀ ਅਸੀਂ ਪਿਤਾ ਦੇ ਹਿੱਸੇ ਦਾ ਪਿਆਰ ਜਾ ਸਮਾਂ ਦੇ ਰਹੇ ਹਾਂ?ਜਾਂ ਸਿਰਫ 'ਪਿਤਾ ਦਿਵਸ ' ਵਾਲੇ ਦਿਨ ਸਿਰਫ ਪਿਤਾ ਨਾਲ ਖਿੱਚੀਆਂ ਸੈਲਫੀਆ ਪਾਉਣਾ ਸਿੱਖੇ ਹਾਂ ਜਾਂ ਇਸ ਦਿਨ 'ਹੈਪੀ ਫਾਦਰਜ ਡੇ'ਦਿਵਸ ਹੀ ਕਹਿਣਾ ਸਿੱਖੇ ਹਾਂ ਕਦੋਂ ਸੋਚਿਆ ਹੈ ਕਿ ਸਿਰਫ ਇਹ ਇੱਕ ਦਿਨ ਹੀ ਪਿਤਾ ਦੀ ਕੀਤੀ ਮਿਹਨਤ ਤੇ ਪਿਆਰ ਅੱਗੇ ਕਾਫ਼ੀ ਹੈ ਕੀ



ਸਾਲ ਵਿੱਚ ਇੱਕ ਦਿਨ ਇਹ ਦਿਵਸ ਮਨਾ ਕੇ ਅਸੀਂ ਆਪਣੀ ਜਿੰਮੇਵਾਰੀ ਤੋਂ ਵਿਹਲੇ ਹੋ ਜਾਂਦੇ ਹਾਂ? ਦੋਸਤੋ ਪਿਤਾ ਦੇ ਰਿਸ਼ਤੇ ਨੂੰ ਕੋਈ ਇੱਕ ਦਿਨ ਲਈ ਕੋਈ ਵੀ ਕਲਮ ਬਿਆਨ ਨਹੀਂ ਕਰ ਸਕਦੀ ਮੇਰੀ ਕਲਮ ਵੀ ਨਹੀਂ ਪਿਤਾ ਬਾਰੇ ਜਿੰਨਾਂ ਲਿਖਿਆਂ ਜਾਵੇ ਉਨਾਂ ਹੀ ਥੋੜਾ ਹੈ ਪਿਤਾ ਦਿਵਸ ਦੀ ਅਹਿਮੀਅਤ ਸਮਝਣੀ ਜ਼ਰੂਰੀ ਹੈ ਉਹ ਮੌਜਾਂ ਭੁੱਲਣੀਆਂ ਨੀ , ਜੋ ਬਾਪੂ ਦੇ ਸਿਰ ਤੇ ਕਰੀਆਂ ਬੱਚਾ ਆਪਣੇ ਪਿਤਾ ਦੇ ਸਿਰ 'ਤੇ ਜ਼ਿੰਦਗੀ ਦੀਆਂ ਮੌਜਾਂ, ਬਹਾਰਾਂ, ਬੇਫਿਕਰੀ, ਲਾਪ੍ਰਵਾਹੀ ਭਰੀ ਜ਼ਿੰਦਗੀ ਦੇ ਪਲ ਮਾਣਦਾ ਹੈ

ਮਾਂ ਬਾਰੇ ਹਰ ਕੋਈ ਆਖੇ
ਬਾਪੂ ਨੂੰ ਕਿਓਂ ਰੱਖਦੇ ਪਾਸੇ
ਮਾਂ ਦੇ ਨਾਲ ਨਾਲ ਜੋ ਦੁੱਗਣਾ ਪਿਆਰ ਜਤਾਵੇ
ਉਹ ਮੇਰਾ ਬਾਪੂ ਏ
ਮੇਰਾ ਹਰ ਸੁਪਨਾ ਸਜਾਇਆ
ਮੈਨੂੰ ਸਕੂਲੇ ਪੜਨੇ ਪਾਇਆ
ਉਹ ਮੇਰਾ ਬਾਪੂ ਏ
ਭੁੱਖੇ ਢਿੱਡ ਰਹਿ ਕੇ ਮੈਨੂੰ ਪਾਲਿਆ
ਗਗਨ ਦਾ ਹਰ ਦੁੱਖ ਸਹਾਰਿਆ
ਉਹ ਮੇਰਾ ਬਾਪੂ ਏ

ਜਦੋਂ ਬੱਚਾ ਆਪਣੇ ਪਿਤਾ ਦੀ ਉਂਗਲੀ ਫੜ ਕੇ ਤੁਰਨਾ ਸਿੱਖਦਾ ਹੈ ਤਾਂ ਪਿਤਾ ਦਾ ਮਾਣ ਨਾਲ ਸਿਰ ਉੱਚਾ ਹੋ ਹੈ ਬਾਪੂ ਦੇ ਮੋਢਿਆਂ 'ਤੇ ਬੈਠ ਕੇ ਜੋ ਨਜ਼ਾਰਾ ਝੂਟੇ ਲੈਣ ਦਾ ਆਉਦਾ ਹੈ ਉਹ ਸਾਇਦ ਕਿਸੇ ਮੋਟਰ ਗੱਡੀ 'ਚ ਨਹੀਂ ਆਉਂਦਾ ਪਿਤਾ ਬੱਚਿਆ ਲਈ ਤਿਲ ਤਿਲ ਮਰ ਕੇ ਕਮਾਈ ਕਰਦਾ ਹੈ ਉਸਦੀ ਮਿਹਨਤ ਅੱਗੇ ਇਹ ਇੱਕ ਦਿਨ ਤਾਂ ਕੀ ਹਜ਼ਾਰਾਂ ਅਰਬਾਂ ਕਰੋੜ ਸਾਲ ਵੀ ਕੁੱਝ ਨਹੀਂ ਹਨ ਜ਼ਿੰਦਗੀ ਵਿੱਚ ਰਿਸ਼ਤਿਆਂ ਦੀ ਬਹੁਤ ਅਹਿਮੀਅਤ ਹੁੰਦੀ ਹੈ ਪਿਓ-ਧੀ' ਪਿਓ-ਪੁੱਤ ਦਾ ਰਿਸ਼ਤਾ ਬਹੁਤ ਪਿਆਰਾ ਅਤੇ ਖ਼ੂਬਸੂਰਤ ਰਿਸ਼ਤਾ ਹੁੰਦਾ ਹੈ ਅਕਸਰ ਹੀ ਮਾਂ ਦੇ ਰਿਸ਼ਤੇ ਦੀ ਗੱਲ ਕੀਤੀ ਜਾਂਦੀ ਹੈ , ਪਰ ਪਿਤਾ ਦਾ ਰਿਸ਼ਤਾ ਅਕਸਰ ਹੀ ਅੱਖੋਂ ਓਹਲੇ ਕੀਤਾ ਜਾਂਦਾ ਹੈ ਕਿਹਾ ਜਾਂਦਾ ਹੈ ਕਿ ਮਾਵਾਂ ਠੰਢੀਆਂ ਛਾਵਾਂ ਕੌਣ ਕਰੇ ਜਿੱਥੇ ਮਾਂਵਾਂ ਠੰਢੀਆਂ ਛਾਵਾਂ ਹੁੰਦੀਆਂ ਹਨ ਤਾਂ ਉੱਥੇ ਹੀ ਪਿਤਾ ਹਵਾ ਦੇ ਬੁੱਲੇ ਹੁੰਦੇ ਹਨ ਬੋਹੜ ਦੀ ਠੰਢੀ ਛਾਂ ਹੁੰਦੇ ਹਨ ਧੀ ਦੇ ਤੁਰ ਜਾਣ ਤੋਂ ਬਾਅਦ ਹਮੇਸ਼ਾ ਧੀ ਤੇ ਮਾਂ ਦਾ ਦਰਦ ਬਿਆਨਿਆਂ ਜਾਦਾ ਹੈ ਧੀ ਦੇ ਵਿਛੋੜੇ ਦਾ ਦਰਦ ਇਕ ਬਾਪ ਲਈ ਅਸਹਿ ਹੁੰਦਾ ਹੈ ਜਦੋਂ ਬਾਪ ਆਪਣੇ ਹੱਥੀਂ ਆਪਣੀ ਲਾਡਲੀ ਧੀ ਨੂੰ ਵਿਦਾ ਕਰਦਾ ਹੈ ਤਾਂ ਘਰ ਦੀਆਂ ਕੰਧਾਂ ਵੀ ਰੋਂਦੀਆਂ ਹਨ ਆਪਣੇ ਦਿਲ 'ਤੇ ਪੱਥਰ ਰੱਖ ਕੇ ਇੱਕ ਬਾਪ ਧੀ ਨੂੰ ਘਰੋਂ ਤੋਰਨ ਲਈ ਮਜਬੂਰ ਹੁੰਦਾ ਹੈ ਉਸ ਸਮੇਂ ਇੱਕ ਬਾਪ ਦਾ ਹੀ ਦਿਲ ਪੁੱਛਿਆਂ ਲੋੜੀਂਦਾ ਹੈ ਇੱਕ ਬਾਪ ਹੀ ਹੈ ਜੋ ਪੱਥਰ ਜਿੱਡਾ ਜੇਰਾ ਕਰ ਸਾਰੇ ਦੁੱਖ ਸਹਾਰਦਾ ਹੈ ਲੋਕ ਗੀਤਾਂ ਵਿਚ ਉਸ ਬਾਬਲ ਨੂੰ ਧਰਮੀ ਬਾਬਲ ਕਹਿ ਕੇ ਸੰਬੋਧਿਤ ਕੀਤਾ ਗਿਆ ਹੈ ਪਰ ਅੱਜ ਦੀ ਦੁਨੀਆ ਫੋਕੀ ਟੌਹਰ ਵਾਲੀ ਹੋ ਗਈ ਹੈ ਜੋ ਕਿ ਪਿਤਾ ਦਿਵਸ 'ਤੇ ਹੀ ਬਾਪੂ ਨੂੰ ਯਾਦ ਕਰਦੀ ਹੈ 'ਖਿੱਚੀ ਸੈਲਫੀ ਵਿੱਚ ਹੈਪੀ ਫਾਦਰਜ ਡੇ 'ਲਿਖਿਆਂ ਹੁੰਦਾ ਹੈ ਪਿਤਾ ਚਾਹੇ ਬਿਰਧ ਆਸ਼ਰਮ ਵਿੱਚ ਕਿਓ ਨਾ ਰੁਲ਼ਦਾ ਹੋਵੇ ਦੋਸਤੋ ਪਿਤਾ ਦੀ ਥਾਂ ਬਿਰਧ ਆਸ਼ਰਮਾਂ ਵਿੱਚ ਨਹੀਂ ਦਿਲ ਵਿੱਚ ਹੋਣੀ ਚਾਹੀਦੀ ਹੈ ਇਸ ਦਿਨ ਦੇ ਮੌਕੇ 'ਤੇ ਹਰ ਇੱਕ ਵਿਅਕਤੀ ਦਾ ਵਟਸਐਪ ,ਫ਼ੇਸਬੁੱਕ ,ਇਨਸਟਾ ,ਸੋਸਲ ਮੀਡੀਏ ਬਾਪੂ ਦੀਆਂ ਫੋਟੋਆਂ ਤੇ ਗੀਤਾਂ ਨਾਲ ਭਰਿਆ ਮਿਲਦਾ ਹੈ ਦੋਸਤੋ ਪਿਤਾ ਦਾ ਵੀ ਬੱਚੇ ਦੀ ਜ਼ਿੰਦਗੀ ਵਿੱਚ ਮਹੱਤਵਪੂਰਨ ਰੋਲ ਹੁੰਦਾ ਹੈ ਮਾਂ ਬੱਚੇ ਦਾ ਪਾਲਣ ਪੋਸ਼ਣ ਕਰਦੀ ਹੈ ਉਸਦਾ ਧਿਆਨ ਰੱਖਦੀ ਹੈ ਤਾਂ ਪਿਤਾ ਵੀ ਧੁੱਪ-ਛਾਂ, ਗਰਮੀ-ਸਰਦੀ ਸਹਿ ਕੇ, ਦਿਨ ਰਾਤ ਮਿਹਨਤ ਕਰਕੇ ਪਰਿਵਾਰ ਦਾ ਢਿੱਡ ਭਰਦਾ ਹੈ ਆਓ ਆਪਾ ਸਾਰੇ ਪ੍ਰਣ ਕਰੀਏ ਕਿ ਪਿਤਾ ਲਈ ਇਹ ਇੱਕ ਦਿਨ ਨਹੀਂ ਸਾਰੇ ਸਾਲ ਮਹੀਨੇ ਦਿਨ ਪਿਤਾ ਨੂੰ ਦੇਈਏ ਪਿਤਾ ਦਾ ਸਤਿਕਾਰ ਕਰੀਏ।

ਪ੍ਰੋ.ਗਗਨਦੀਪ ਕੌਰ ਧਾਲੀਵਾਲ

# ਜੰਡਿਆਲਾ ਗੁਰੂ ਪੁਲਿਸ ਵੱਲੋਂ ਤਸਕਰਾਂ ਖਿਲਾਫ ਵੱਡੀ ਕਾਰਵਾਈ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਪੰਜਾਬ ਪੁਲਿਸ ਵੱਲੋ ਨਸ਼ਾ ਤਸਕਰਾਂ ਦੇ ਖ਼ਿਲਾਫ਼ ਕੀਤੀ ਜੰਗ ਸ਼ੁਰੂ ਅੱਜ ਸਵੇਰੇ ਤੜਕ ਸਾਰ 5 ਵਜੇ ਤੋਂ ਜੰਡਿਆਲਾ ਗੁਰੂ ਸ਼ਹਿਰ ਦੇ ਵੱਖ ਵੱਖ ਇਲਾਕਿਆਂ ਨੂੰ ਡੀ ਐਸ ਪੀ ਸੁਖਵਿੰਦਰਪਾਲ ਸਿੰਘ ਦੀ ਅਗਵਾਈ ਹੇਠ 10-15 ਵਾਹਨਾਂ ਸਮੇਤ ਪੰਜਾਬ ਪੁਲਿਸ ਦੇ ਜਵਾਨਾਂ ਵੱਲੋਂ ਨਾਕਾ ਬੰਦੀ ਕਰ ਘੇਰਿਆ ਗਿਆ ਤੇ ਨਸ਼ਾ ਵੇਚਣ ਵਾਲੇ ਤਸਕਰਾਂ ਦੇ ਘਰਾਂ ਦੀ ਤਲਸ਼ੀ ਲਈ ਗਈ।

ਇਸ ਮੌਕੇ ਡੀ ਐਸ ਪੀ ਸੁਖਵਿੰਦਰਪਾਲ ਸਿੰਘ ਨੇ ਮੀਡੀਆ ਨਾਲ ਗੱਲਬਾਤ ਕੀਤੀ ਉਨ੍ਹਾਂ ਦੱਸਿਆ ਕਿ ਮਾਣਯੋਗ ਐਸ ਐਸ ਪੀ ਸਾਹਿਬ ਦੇ ਦਿਸ਼ਾ ਨਿਰਦੇਸ਼ ਅਨੁਸਾਰ ਨਿਰਦੇਸ਼ ਦਿੱਤੇ ਗਏ ਹਨ ਕਿ ਨਸ਼ਾ ਵੇਚਣ ਅਤੇ ਪੀ ਓ ਹੋਏ ਮੁਲਜਿੰਮਾ ਨੂੰ ਫੜਨ ਲਈ ਮੁਹਿੰਮ ਸ਼ੁਰੂ ਕੀਤੀ ਹੋਈ ਹੈ ਇਸ ਦੇ ਤਹਿਤ ਅੱਜ ਸਵੇਰੇ5 ਵਜੇ ਤੋਂ ਜੰਡਿਆਲਾ ਗੁਰੂ ਸ਼ਹਿਰ ਵਿੱਚ ਸਬ ਡਵੀਜਨ ਦੇ ਵੱਖ ਵੱਖ ਥਾਣਿਆਂ ਦੇ ਐਸ ਐਚ ਓ ਅਤੇ ਪੁਲਿਸ ਅਧਿਕਾਰੀਆਂ ਨਾਲ ਮਿਲ ਕੇ ਮੁਹੱਲਾ ਸ਼ੇਖੂਪੁਰਾ ਸਰਚ ਓਪਰੇਸ਼ਨ ਕੀਤਾ ਗਿਆ ਹੈ ਇਸ ਸਰਚ ਓਪਰੇਸ਼ਨ ਵਿੱਚ ਘਰਾਂ ਦੀ ਤਲਾਸ਼ੀਆ ਅਤੇ ਆਉਣ ਜਾਣ ਵਾਲੇ ਲੋਕਾਂ ਨੂੰ ਚੈਕ ਕੀਤਾ ਗਿਆ ਕੁੱਝ ਸ਼ੱਕੀ ਵਿਅਕਤੀ ਹਿਰਾਸਤ ਵਿੱਚ ਵੀ ਲਏ ਹਨ ਉਨ੍ਹਾਂ ਕਿਹਾ ਕਿ ਪਿੱਛੇ ਸਮੇ ਦੌਰਾਨ ਅੱਤਵਾਦ ਨੂੰ ਖਤਮ ਕੀਤਾ ਗਿਆ ਸੀ ਉਸੇ ਤਰਾਂ ਨਸ਼ੇ ਨੂੰ ਜੜੋਂ ਖਤਮ ਕਰਨ ਲਈ ਇਹ ਜੰਗ ਸ਼ੁਰੂ ਕੀਤੀ ਹੋਈ ਹੈ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਜੰਗ ਵਿੱਚ ਪੁਲੀਸ ਦਾ ਸਾਥ ਦੇਵੋ ਤੁਹਾਡਾ ਨਾਮ ਗੁਪੱਤ ਰੱਖਿਆ ਜਾਵੇਗਾ।

# ਠੇਕੇ ਦੇ ਆਧਾਰ 'ਤੇ 48 ਸੇਵਾਮੁਕਤ ਪਟਵਾਰੀ ਭਰਤੀ, ਸਰਕਲਾਂ 'ਚ ਘਟੇਗਾ ਕੰਮ ਦਾ ਬੋਝ : ਘਨਸ਼ਿਆਮ ਥੋਰੀ

- ਡਿਪਟੀ ਕਮਿਸ਼ਨਰ ਨੇ ਹਰੇਕ ਪਟਵਾਰੀ ਨੂੰ ਤਿੰਨ ਸਰਕਲਾਂ ਦਾ ਚਾਰਜ ਸੌਂਪਿਆ
- ਪੰਜਾਬ ਸਰਕਾਰ ਨੇ ਸੇਵਾਮੁਕਤ ਪਟਵਾਰੀਆਂ ਲਈ ਅਪਲਾਈ ਕਰਨ ਦੀ ਮਿਤੀ 30 ਜੂਨ ਤੱਕ ਵਧਾਈ

**ਜਲੰਧਰ/ਸੰਜੇ ਰਾਜਪੂਤ**

ਮਾਲ ਵਿਭਾਗ ਦੇ ਕੰਮਕਾਜ ਵਿੱਚ ਹੋਰ ਕੁਸ਼ਲਤਾ ਲਿਆਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੱਜ 48 ਸੇਵਾਮੁਕਤ ਪਟਵਾਰੀਆਂ ਨੂੰ ਇੱਕ ਸਾਲ ਲਈ ਠੇਕੇ ਆਧਾਰ @ਤੇ ਨਿਯੁਕਤ ਕੀਤਾ ਗਿਆ ਹੈ ਅਤੇ ਇਨ੍ਹਾਂ ਵਿੱਚੋਂ ਹਰੇਕ ਨੂੰ ਜ਼ਿਲ੍ਹੇ ਦੇ ਤਿੰਨ ਪਟਵਾਰ ਸਰਕਲਾਂ ਦਾ ਚਾਰਜ ਦਿੱਤਾ ਗਿਆ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਨੇ ਦੱਸਿਆ ਕਿ ਚੁਣੇ ਗਏ ਉਮੀਦਵਾਰਾਂ ਨੂੰ 25,000 ਪ੍ਰਤੀ ਮਹੀਨਾ ਨਿਸ਼ਚਿਤ ਤਨਖ਼ਾਹ ਦਿੱਤੀ ਜਾਵੇਗੀ ਅਤੇ ਇਨ੍ਹਾਂ ਦੀ ਭਰਤੀ ਨਾਲ ਲਗਭਗ 150 ਪਟਵਾਰ ਸਰਕਲਾਂ ਵਿੱਚ ਕੰਮਕਾਜ ਨੂੰ ਹੋਰ ਸੁਚਾਰੂ ਬਣਾਇਆ ਜਾਵੇਗਾ ਤਾਂ ਜੋ ਮਾਲ ਵਿਭਾਗ ਵਿੱਚ ਲੋਕਾਂ ਨੂੰ ਉਨ੍ਹਾਂ ਦੇ ਰੁਟੀਨ ਦੇ ਕੰਮਾਂ ਲਈ ਵਧੇਰੇ ਸੁਵਿਧਾ ਪ੍ਰਦਾਨ ਕੀਤੀ ਜਾ ਸਕੇ।

ਘਨਸ਼ਿਆਮ ਥੋਰੀ ਨੇ ਇਹ ਵੀ ਦੱਸਿਆ ਕਿ ਇਹ ਨਿਯੁਕਤੀਆਂ ਸਿਰਫ਼ ਪੇਂਡੂ ਖੇਤਰਾਂ ਲਈ ਕੀਤੀਆਂ ਗਈਆਂ ਹਨ ਅਤੇ ਚੁਣੇ ਗਏ ਪਟਵਾਰੀ ਸਿੱਧੇ ਤੌਰ @ਤੇ ਮਾਲ ਰਿਕਾਰਡ ਵਿੱਚ ਕਿਸੇ ਕਿਸਮ ਦੀ ਤਬਦੀਲੀ ਕਰਨ ਲਈ ਅਧਿਕਾਰਤ ਨਹੀਂ ਹੋਣਗੇ ਅਤੇ ਇਹ ਆਪਣੇ ਸਬੰਧਤ ਏ.ਐੱਸ.ਐੱਮ./ਡੀ.ਐੱਸ.ਐੱਮ. ਰਾਹੀਂ ਹੀ ਕੰਮ ਕਰਨਗੇ।

ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਨੇ ਵੀ ਖਾਲੀ ਅਸਾਮੀਆਂ ਭਰਨ ਲਈ ਸੇਵਾਮੁਕਤ ਪਟਵਾਰੀਆਂ ਤੋਂ ਅਰਜ਼ੀਆਂ ਲੈਣ ਦੀ ਮਿਤੀ 30 ਜੂਨ ਤੱਕ ਵਧਾ ਦਿੱਤੀ ਹੈ ਉਨ੍ਹਾਂ ਦੱਸਿਆ ਕਿ ਇਸ ਅਸਾਮੀ ਲਈ ਬਿਨੈ ਕਰਨ ਦੀ ਵੱਧ ਤੋਂ ਵੱਧ ਉਮਰ 64 ਸਾਲ ਹੈ ਅਤੇ ਬਿਨੈਕਾਰ ਵਿਰੁੱਧ ਕੋਈ ਅਪਰਾਧਿਕ ਕੇਸ ਜਾਂ ਵਿਭਾਗੀ ਜਾਂਚ ਪੈਂਡਿੰਗ ਨਹੀਂ ਹੋਣੀ ਚਾਹੀਦੀ ਉਨ੍ਹਾਂ ਦੱਸਿਆ ਕਿ ਯੋਗ ਸੇਵਾਮੁਕਤ ਪਟਵਾਰੀ 30 ਜੂਨ, 2022 ਨੂੰ ਸ਼ਾਮ 5 ਵਜੇ ਤੱਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕਮਰਾ ਨੰ. 212, ਸਦਰ ਕਾਨੂੰਨਗੋ ਸ਼ਾਖਾ ਵਿੱਚ ਆਪਣੀਆਂ ਅਰਜ਼ੀਆਂ ਜਮ੍ਹਾ ਕਰਵਾ ਸਕਦੇ ਹਨ।

ਘਨਸ਼ਿਆਮ ਥੋਰੀ ਨੇ ਅੱਗੇ ਦੱਸਿਆ ਕਿ ਬਿਨੈਕਾਰ ਨੂੰ ਅਰਜ਼ੀ ਦੇ ਨਾਲ ਸਮਰੱਥ ਅਥਾਰਟੀ ਵੱਲੋਂ ਜਾਰੀ ਆਪਣੇ ਸੇਵਾਮੁਕਤੀ ਦੇ ਹੁਕਮਾਂ ਦੀ ਕਾਪੀ ਨਾਲ ਨੱਥੀ ਕਰਨੀ ਹੋਵੇਗੀ ਨਾਲ ਹੀ ਹਲਫੀਆ ਬਿਆਨ ਦੇਣਾ ਹੋਵੇਗਾ, ਜਿਸ ਵਿੱਚ ਲਿਖਿਆ ਹੋਵੇ ਕਿ ਉਸ ਵਿਰੁੱਧ ਕਿਸੇ ਵੀ ਅਦਾਲਤ ਵੱਲੋਂ ਕੋਈ ਸਜ਼ਾ ਨਹੀਂ ਸੁਣਾਈ ਗਈ ਅਤੇ ਨਾ ਹੀ ਉਸ ਖਿਲਾਫ਼ ਕੋਈ ਕੋਰਟ ਕੇਸ/ਜਾਂਚ/ਐਫ.ਆਈ.ਆਰ. ਪੈਂਡਿੰਗ ਹੈ।

# ਡਿਪਟੀ ਕਮਿਸ਼ਨਰ ਵੱਲੋਂ ਮੂਰਤੀਕਾਰ ਬਾਸੂਦੇਬ ਬਿਸਵਾਸ ਦਾ ਸਨਮਾਨ, 25,000 ਰੁਪਏ ਦਾ ਚੈੱਕ ਦਿੱਤਾ

**ਜਲੰਧਰ/ਸੰਜੇ ਰਾਜਪੂਤ**

ਪਿਛਲੇ ਕਈ ਸਾਲਾਂ ਤੋਂ ਜਲੰਧਰ ਵਿੱਚ ਕਲਾ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਲਈ ਡਿਪਟੀ ਕਮਿਸ਼ਨਰ ਘਨਸ਼ਿਆਮ ਥੋਰੀ ਵੱਲੋਂ ਅੱਜ ਪ੍ਰਸਿੱਧ ਮੂਰਤੀਕਾਰ ਬਾਸੂਦੇਬ ਬਿਸਵਾਸ ਦਾ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਨੂੰ 25,000 ਰੁਪਏ ਦਾ ਚੈੱਕ ਸੌਂਪਿਆ ਗਿਆ। ਬਿਸਵਾਸ ਅਤੇ ਉਨ੍ਹਾਂ ਦੀ ਮੂਰਤੀਕਲਾ ਦੀ ਸ਼ਲਾਘਾ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਬਾਸੂਦੇਬ ਬਿਸਵਾਸ ਵੱਲੋਂ ਜ਼ਿਲ੍ਹੇ ਵਿੱਚ ਮੂਰਤੀ ਕਲਾ, ਪੋਟਰੀ ਅਤੇ ਕਲੇਅ ਮਾਡਲਿੰਗ ਨੂੰ ਪ੍ਰਫੁੱਲਤ ਕਰਨ ਵਿੱਚ ਵਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ ਉਨ੍ਹਾਂ ਬਿਸਵਾਸ ਵੱਲੋਂ ਵਿਰਸਾ ਵਿਹਰਾ ਵਿਖੇ ਆਰਟ ਵਰਕਸ਼ਾਪ ਲਾਉਣ ਦੇ ਉਪਰਾਲੇ ਦੀ ਵੀ ਸ਼ਲਾਘਾ ਕੀਤੀ, ਜਿਸ ਵਿੱਚ ਸੈਂਕੜੇ ਨੌਜਵਾਨਾਂ ਨੇ ਭਾਗ ਲਿਆ ਉਨ੍ਹਾਂ ਕਿਹਾ ਕਿ ਅਜਿਹੇ ਯਤਨ ਜ਼ਿਲ੍ਹੇ ਵਿੱਚ ਕਲਾ ਨੂੰ ਉਤਸ਼ਾਹਿਤ ਕਰਨ ਵਿੱਚ ਸਹਾਈ ਸਿੱਧ ਹੋਣਗੇ॥ ਘਨਸ਼ਿਆਮ ਥੋਰੀ, ਜੋ ਕਿ ਜ਼ਿਲ੍ਹਾ ਕਲਚਰਲ ਤੇ ਲਿਟਰੇਰੀ ਸੁਸਾਇਟੀ ਦੇ ਚੇਅਰਮੈਨ ਵੀ ਹਨ, ਨੇ ਕਿਹਾ ਕਿ ਜ਼ਿਲ੍ਹਾ ਕਲਚਰਲ ਤੇ ਲਿਟਰੇਰੀ ਸੁਸਾਇਟੀ ਜ਼ਿਲ੍ਹੇ ਵਿੱਚ ਕਲਾ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਵਚਨਬੱਧ ਹੈ ਅਤੇ ਅਜਿਹੀਆਂ ਆਰਟ ਵਰਕਸ਼ਾਪ ਵਿਰਸਾ ਵਿਹਾਰ ਵਿਖੇ ਨਿਰੰਤਰ ਲਗਾਈਆਂ ਜਾਣਗੀਆਂ॥ ਉਨ੍ਹਾਂ ਦੱਸਿਆ ਕਿ ਵਰਕਸ਼ਾਪ ਵਿੱਚ ਤਿਆਰ ਕੀਤੀਆਂ ਗਈਆਂ ਕਲਾਕ੍ਰਿਤੀਆਂ ਅਗਲੇ ਮਹੀਨੇ ਵਿਰਸਾ ਵਿਹਾਰ ਵਿਖੇ ਲਗਾਈ ਜਾਣ ਵਾਲੀ ਪ੍ਰਦਰਸ਼ਨੀ ਵਿੱਚ ਪ੍ਰਦਰਸ਼ਿਤ ਕੀਤੀਆਂ ਜਾਣਗੀਆਂ, ਜਿਸ ਦੀਆਂ ਤਰੀਕਾਂ ਸਬੰਧੀ ਜਲਦੀ ਸੂਚਿਤ ਕਰ ਦਿੱਤਾ ਜਾਵੇਗਾ॥







## ਅੱਜ ਦਾ ਵਿਚਾਰ

ਇਕ ਵਧੀਆ ਇਨਸਾਨ ਆਪਣੀ
ਜ਼ੁਬਾਨ ਤੋਂ ਹੀ ਪਛਾਣਿਆ ਜਾਂਦਾ ਹੈ
ਨਹੀਂ ਤਾਂ ਵਧੀਆ ਗੱਲਾਂ ਤਾਂ ਕੰਧਾਂ ਤੇ
ਵੀ ਲਿਖੀਆਂ ਹੁੰਦੀਆਂ ਹਨ ਜੇ ਮੁਸ਼ਕਲਾਂ
ਵਿਚੋਂ ਗੁਜ਼ਰ ਰਹੇ ਹੋ ਤਾਂ ਹੌਸਲਾ ਰੱਖੋ
ਇਹ ਮੁਸ਼ਕਲਾਂ ਇੱਕ ਦਿਨ ਤੁਹਾਡੇ ਲਈ
ਅਤੇ ਤੁਹਾਡੇ ਪਰਿਵਾਰ ਲਈ ਇੱਕ ਦਿਨ
ਬੜਾ ਸੁੱਖ ਦੇਣਗੀਆਂ
ਜਿੰਨੇ ਦੇ ਮਾਤਾ ਪਿਤਾ ਇਸ ਸੰਸਾਰ ਚੋਂ ਨਹੀਂ
ਰਹੇ ਉਹਨੂੰ ਨੂੰ ਪੁੱਛ ਕੇ ਦੇਖੋ ਮਾਤਾ ਪਿਤਾ ਤੋਂ



ਬਗੈਰ ਸੰਸਾਰ ਸੁੰਨਾਂ ਸੁੰਨਾਂ ਜਾਪਦਾ ਹੈ ,
ਗੁਰਕੀਰਤ ਸਿੰਘ ਗਿੱਲ ਸਾਧਾਂਵਾਲਾ
ਪੱਤਰਕਾਰ ਜਸਵਿੰਦਰ ਸਿੰਘ ਬਰਾੜ..
ਫ਼ਰੀਦਕੋਟ ਸੰਪਰਕ 951760002,

# ਸੰਯੁਕਤ ਕਿਸਾਨ ਮੋਰਚੇ ਦੀਆਂ ਬਾਈ ਕਿਸਾਨ ਜਥੇਬੰਦੀਆਂ ਵੱਲੋਂ ਕੇਂਦਰ ਦੀ ਅਗਨੀਪੱਥ ਯੋਜਨਾ ਦਾ ਸਖ਼ਤ ਵਿਰੋਧ



**ਗੁਰਦਾਸਪੁਰ-ਨਵਨੀਤ ਕੁਮਾਰ**

ਸੰਯੁਕਤ ਕਿਸਾਨ ਮੋਰਚੇ ਦੀਆਂ ਬਾਈ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਅੱਜ ਜੂਮ ਮੀਟਿੰਗ ਕਰਨ ਉਪਰੰਤ ਸਾਂਝੇ ਤੌਰ ਤੇ ਐਲਾਨ ਕੀਤਾ ਕੇ ਕੇਂਦਰ ਦੀ ਅਗਨੀਪੱਥ ਯੋਜਨਾ ਜਿਸ ਰਾਹੀਂ ਅਗਨੀ ਵੀਰ ਸਿਰਫ਼ ਚਾਰ ਸਾਲ ਵਾਸਤੇ ਭਰਤੀ ਕੀਤੇ ਜਾਣੇ ਹਨ ਉਸ ਦਾ ਸਖ਼ਤ ਵਿਰੋਧ ਕੀਤਾ ਹੈ ਇਸ ਸੰਬੰਧੀ ਸੁਖਦੇਵ ਸਿੰਘ ਭਾਗੋਕਾਵਾਂ ਅਤੇ ਅਸ਼ਵਨੀ ਕੁਮਾਰ ਲੱਖਣ ਕਲਾਂ ਮੱਖਣ ਸਿੰਘ ਕੁਹਾੜ ਜਗੀਰ ਸਿੰਘ ਸਲਾਚ ਸਤਿਬੀਰ ਸਿੰਘ ਸੁਲਤਾਨੀ ਅਤੇ ਤਰਲੋਕ ਸਿੰਘ ਬਹਿਰਾਮਪੁਰ ਗੁਰਵਿੰਦਰ ਸਿੰਘ ਅਤੇ ਦਲਬੀਰ ਸਿੰਘ ਜੀਵਨਚੱਕ ਗੁਰਦੀਪ ਸਿੰਘ ਮੁਸਤਫਾਬਾਦ ਮੇਜਰ ਸਿੰਘ ਰੋੜਾਂਵਾਲੀ ਗੁਲਜ਼ਾਰ ਸਿੰਘ ਬਸੰਤ ਕੋਟ ਅਤੇ ਬਲਬੀਰ ਸਿੰਘ ਕੱਤੋਵਾਲ ਬਲਵਿੰਦਰ ਸਿੰਘ ਰਵਾਲ ,ਅਜੀਤ ਸਿੰਘ ਹੁੰਦਲ ਆਦਿ ਨੇ ਆਖਿਆ ਕਿ ਕੇਂਦਰ ਦੀ ਬੀਜੇਪੀ ਦੀ ਮੋਦੀ ਸਰਕਾਰ ਜਿਵੇਂ ਕਿਸਾਨਾਂ ਨੂੰ ਤਬਾਹ ਕਰਨ ਲਈ ਕਾਲੇ ਕਾਨੂੰਨ ਲਿਆਈ ਸੀ ਇਸੇ ਤਰ੍ਹਾਂ ਹੀ ਹੁਣ ਜਵਾਨਾਂ ਨੂੰ ਤਬਾਹ ਕਰਨ ਲਈ ਇਹ ਨਵੀਂ ਅਗਨੀਪੱਥ ਯੋਜਨਾ ਲੈ ਕੇ ਆਈ ਹੈ ਆਗੂਆਂ ਨੇ ਹੈਰਾਨੀ ਪ੍ਰਗਟ ਕੀਤੀ ਕਿ ਕੀ ਹੁਣ ਦੇਸ਼ ਦੀ ਸੁਰੱਖਿਆ ਨੂੰ ਵੀ ਅਡਾਨੀਆ ਅਬਾਨੀਆਂ ਕੋਲ ਗਹਿਣੇ ਪਾ ਦਿੱਤਾ ਜਾਵੇਗਾ ?

ਮੋਦੀ ਹੁਣ @ਜੈ ਜਵਾਨ ਜੈ ਕਿਸਾਨ @ਦੀ ਥਾਂ @ਖੈ ਜੁਆਨ ਖੈ ਕਿਸਾਨ ਦਾ ਨਾਅਰਾ ਬੁਲੰਦ ਕਰਨ ਲੱਗਾ ਹੈ ਜਵਾਨ ਜੋ ਕਿ ਕਿਸਾਨਾਂ ਦੇ ਬੱਚੇ ਹੀ ਅਕਸਰ ਹੁੰਦੇ ਹਨ ਉਨ੍ਹਾਂ ਦੀ ਭਰਤੀ ਨਾਲ ਨਾ ਤਾਂ ਕਿਸਾਨ ਬਚੇਗਾ ਅਤੇ ਨਾ ਹੀ ਜ਼ਵਾਨ !ਇੰਜ ਸਾਡਾ ਪਿਆਰਾ ਭਾਰਤ ਦੇਸ਼ ਬਰਬਾਦ ਹੋ ਜਾਵੇਗਾ ਅਤੇ ਮੋਦੀ ਸਰਕਾਰ ਵੀ ਇਹੀ ਚਾਹੁੰਦੀ ਹੈ ਉਹ ਪਹਿਲਾਂ ਹੀ ਦੇਸ਼ ਨੂੰ ਟੁਕੜੇ ਟੁਕੜੇ ਕਰਨ ਦੀ ਨੀਤੀ ਤੇ ਚੱਲ ਰਹੀ ਲੱਗਦੀ ਹੈ ਉਸਦੀ ਬਲਡੋਜ਼ਰੀ ਨੀਤੀ ਇਹੀ ਦਰਸਾਉਂਦੀ ਹੈ ਕਿ ਦੇਸ਼ ਵਿੱਚ ਕੇਂਦਰ ਸਰਕਾਰ ਦਾ ਕੋਈ ਵਿਰੋਧ ਨਹੀਂ ਕਰ ਸਕਦਾ ਜੋ ਵੀ ਕਰੇਗਾ ਉਸ ਨੂੰ ਬਰਬਾਦ ਕਰ ਦਿੱਤਾ ਜਾਵੇਗਾ ਮੀਟਿੰਗ ਉਪਰੰਤ ਮੱਖਣ ਸਿੰਘ ਕੁਹਾੜ ਨੇ ਦੱਸਿਆ ਕਿ ਕਿਸਾਨ ਜਥੇਬੰਦੀਆਂ ਨੇ ਫੈਸਲਾ ਕੀਤਾ ਹੈ ਕਿ ਕੇਂਦਰ ਦੇ ਇਸ ਜਵਾਨ ਕਿਸਾਨ ਵਿਰੋਧੀ ਨੀਤੀ ਦਾ ਸਖ਼ਤੀ ਨਾਲ ਵਿਰੋਧ ਕੀਤਾ ਜਾਵੇਗਾ ਲੋਕ ਹੁਣ ਸੁਚੇਤ ਹੋ ਗਏ ਹਨ ਅਤੇ ਕੇਂਦਰ ਦੀ ਕੋਈ ਵੀ ਲੋਕ ਵਿਰੋਧੀ ਅਤੇ ਦੇਸ਼ ਵਿਰੋਧੀ ਨੀਤੀ ਹਰਗਿਜ਼ ਲਾਗੂ ਨਹੀਂ ਹੋਣ ਦਿੱਤੀ ਜਾਵੇਗੀ॥

ਮੀਟਿੰਗ ਵਿਚ ਆਗੂਆਂ ਨੇ ਫ਼ੈਸਲਾ ਕੀਤਾ ਕਿ 20 ਜੂਨ ਸੋਮਵਾਰ ਨੂੰ 11ਵਜੇ ਰਾਮ ਸਿੰਘ ਦੱਤ ਹਾਲ ਗੁਰਦਾਸਪੁਰ ਵਿਖੇ ਇਕੱਤਰ ਹੋ ਕੇ ਰੈਲੀ ਕਰਨ ਉਪਰੰਤ ਸ਼ਹਿਰ ਵਿੱਚ ਮਾਰਚ ਕਰ ਕੇ ਪ੍ਰਧਾਨ ਮੰਤਰੀ ਮੋਦੀ ਦਾ ਪੁਤਲਾ ਸਾੜਿਆ ਜਾਵੇਗਾ॥

ਮੱਖਣ ਸਿੰਘ ਕੁਹਾੜ ਨੇ ਇਹ ਸਪੱਸ਼ਟ ਕੀਤਾ ਕਿ ਸਾਬਕਾ ਸੈਨਿਕ ਸੰਘਰਸ਼ ਕਮੇਟੀ ਵੀਹ ਇਸੇ ਸਮੇਂ ਤੇ ਸਥਾਨ ਤੇ ਹੀ ਰੈਲੀ ਕਰ ਰਹੀ ਹੈ ਅਤੇ ਇਹ ਸਾਂਝੀ ਰੈਲੀ ਹੋਵੇਗੀ ਅਤੇ ਸਾਬਕਾ ਸੈਨਿਕਾਂ ਦਾ ਭਰਪੂਰ ਸਮਰਥਨ ਕੀਤਾ ਜਾਵੇਗਾ ਕਿਸਾਨ ਆਗੂਆਂ ਨੇ ਹੋਰ ਮਜ਼ਦੂਰ ਮੁਲਾਜ਼ਮ ਜਨਤਕ ਬੁੱਧੀਜੀਵੀ ਤੇ ਨੌਜਵਾਨ ਜਥੇਬੰਦੀਆਂ ਨੂੰ ਇਸ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

# 20 ਜੂਨ ਨੂੰ ਪਲੇਸਮੈਂਟ ਕੈਂਪ ਵਿਚ ਡਿਲਵਰੀ ਲੜਕਿਆਂ ਦੀ ਕੀਤੀ ਜਾਵੇਗੀ ਚੋਣ

**ਗੁਰਦਾਸਪੁਰ-ਨਵਨੀਤ ਕੁਮਾਰ**

ਪੰਜਾਬ ਸਰਕਾਰ ਦੇ ਘਰ-ਘਰ ਰੋਜਗਾਰ ਮਿਸ਼ਨ ਤਹਿਤ 20 ਜੂਨ ਨੂੰ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ, ਗੁਰਦਾਸਪੁਰ ਬਲਾਕ-ਬੀ, ਕਮਰਾ ਨੰ: 217 ਜਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਇੱਕ ਪਲੇਸਮੈਂਟ ਕੈਂਪ ਰੋਜਗਾਰ ਮੇਲਾ ਲਗਾਇਆ ਜਾ ਰਿਹਾ ਹੈ ਇਸ ਰੋਜਗਾਰ ਮੇਲੇ ਵਿੱਚ largelogic ( ਲਾਰਜਲੋਜਿਕ) ਕੰਪਨੀ ਵਲੋਂ ਸ਼ਮੂਲੀਅਤ ਕਰੇਗੀ।

ਇਹ ਜਾਣਕਾਰੀ ਦਿੰਦਿਆਂ ਪਰਸ਼ੋਤਮ ਸਿੰਘ ਜਿਲਾ ਰੋਜਗਾਰ ਤੇ ਜਨਰੇਸ਼ਨ ਅਫਸਰ ਗੁਰਦਾਸਪੁਰ ਨੇ ਦੱਸਿਆ ਕਿ ਇਸ ਕੰਪਨੀ ਨੂੰ (Delivery boy ) ਕੇਵਲ ਲੜਕਿਆ ਦੀ ਜਰੂਰਤ ਹੈ ਡਿਲੀਵਰੀ ਬੁਆਏ ਦੀ ਅਸਾਮੀ ਲਈ ਯੋਗਤਾ ਘੱਟ ਤੋਂ ਘੱਟ 10 ਵੀਂ ਪਾਸ ਹੈ॥

ਉਨ੍ਹਾਂ ਅੱਗੇ ਦੱਸਿਆ ਕਿ ਕੰਪਨੀ ਵਲੋਂ ਚੁਣੇ ਗਏ ਪ੍ਰਾਰਥੀਆ ( ਕੇਵਲ ਲੜਕੇ ) ਨੂੰ 12000 ਤੋਂ 15000 ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਵੇਗੀ ਰੋਜਗਾਰ ਕੈਂਪ ਵਿੱਚ ਸ਼ਾਮਲ ਹੋਣ ਵਾਲੇ ਪ੍ਰਾਰਥੀ ਆਪਣੇ ਨਾਲ ਆਪਣੇ ਅਸਲੀ ਦਸਤਾਵੇਜ ਅਤੇ ਉਹਨਾਂ ਦੀਆ ਕਾਪੀਆ ਲੈ ਕੇ ਆਉਣ

ਉਨ੍ਹਾ ਦੱਸਿਆ ਕਿ ਵੱਧ ਤੋਂ ਵੱਧ ਬੇਰੁਜਗਾਰ ਪ੍ਰਾਰਥੀਆ ਨੂੰ ਰੋਜਗਾਰ ਮੁਹੱਈਆ ਕਰਵਾਉਣ ਦੇ ਉਦੇਸ਼ ਨੂੰ ਮੁੱਖ ਰੱਖਦਿਆ ਹੋਇਆ ਹਰ ਮਹੀਨੇ ਜਿਲ੍ਹਾ ਰੋਜਗਾਰ ਤੇ ਕਾਰੋਬਾਰ ਬਿਊਰੋ ਵਲੋਂ ਹਰ ਹਫਤੇ ਪਲੇਸਮੈਂਟ ਰੋਜਗਾਰ ਕੈਂਪ, ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰ, ਗੁਰਦਾਸਪੁਰ ਵਿਖੇ ਲਗਾਏ ਜਾ ਰਹੇ ਹਨ ਅਤੇ ਅਗਾਂਹ ਵੀ ਇਸੇ ਤਰ੍ਹਾ ਇਹ ਰੋਜਗਾਰ ਕੈਂਪ ਲਗਾਏ ਜਾਂਦੇ ਰਹਿਣਗੇ। ਉਨ੍ਹਾ ਅੱਗੇ ਕਿਹਾ ਕਿ ਇਸ ਪਲੇਸਮੈਂਟ ਕੈਂਪ ਲਈ ਵੱਧ ਤੋਂ ਵੱਧ ਚਾਹਵਾਨ ਬੇਰੁਜਗਾਰ ਪ੍ਰਾਰਥੀ 20 ਜੂਨ ਨੂੰ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ, ਗੁਰਦਾਸਪੁਰ, ਬਲਾਕ ਬੀ, ਕਮਰਾ ਨੰ: 217 ਜਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਸਵੇਰੇ 9-30 ਵਜੇ ਪਹੁੰਚਣ।

# ਗੁਰਦਾਸਪੁਰ ’ਚ ਹੋਈ ਤੇਜ਼ ਬਾਰਿਸ਼ ਕਾਰਨ ਲੋਕਾਂ ਨੂੰ ਮਿਲੀ ਗਰਮੀ ਤੋਂ ਰਾਹਤ, ਮੌਸਮ ਹੋਇਆ ਸੁਹਾਵਣਾ

**ਗੁਰਦਾਸਪੁਰ/ਨਵਨੀਤ ਕੁਮਾਰ:-** ਸਥਾਨਕ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ’ਚ ਹੋਈ ਤੇਜ਼ ਬਾਰਿਸ਼ ਕਾਰਨ ਪਿਛਲੇ ਕਈ ਦਿਨਾਂ ਤੋਂ ਪੈ ਰਹੀ ਅੱਤ ਦੀ ਗਰਮੀ ਤੋਂ ਲੋਕਾਂ ਨੇ ਵੱਡੀ ਰਾਹਤ ਮਹਿਸੂਸ ਕੀਤੀ ਹੈ ਮੀਂਹ ਕਾਰਨ ਸੁਹਾਵਣੇ ਹੋਏ ਇਸ ਮੌਸਮ ਕਾਰਨ ਅੱਜ ਕਿਸਾਨਾਂ ਦੇ ਚਿਹਰਿਆਂ ਉੱਪਰ ਭਾਰੀ ਰੌਣਕ ਵੇਖਣ ਨੂੰ ਮਿਲੀ ਹੈ ਝੋਨੇ ਦਾ ਸੀਜ਼ਨ ਸ਼ੁਰੂ ਹੋਣ ਕਾਰਨ ਕਿਸਾਨਾਂ ਨੂੰ ਪਾਣੀ ਦੀ ਕਾਫੀ ਜ਼ਰੂਰਤ ਹੁੰਦੀ ਹੈ, ਜਿਸ ਨੂੰ ਇੰਦਰ ਦੇਵਤਾ ਨੇ ਪੂਰੀ ਕਰ ਕੇ ਰੱਖ ਦਿੱਤਾ ਹੈ। ਜੇਕਰ ਵੇਖਿਆ ਜਾਵੇ ਤਾਂ ਕਾਫੀ ਸਮੇਂ ਤੋਂ ਬਾਰਿਸ਼ ਨਾ ਹੋਣ ਕਾਰਨ ਲੋਕਾਂ ਨੂੰ ਅੱਤ ਦੀ ਗਰਮੀ ਕਾਰਨ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਗਰਮੀ ਕਾਰਨ ਲੋਕਾਂ ਦਾ ਬਾਹਰ ਨਿਕਲਣਾ ਮੁਸ਼ਕਲ ਹੋਇਆ ਪਿਆ ਸੀ ਪਰ ਕੁਝ ਦਿਨਾਂ ਤੋਂ ਰੁਕ-ਰੁਕ ਕੇ ਪੈ ਰਹੀ ਬਾਰਿਸ਼ ਨਾਲ ਲੋਕਾਂ ਨੂੰ ਗਰਮੀ ਤੋਂ ਕਾਫੀ ਰਾਹਤ ਮਿਲੀ ਹੈ ਦੂਜੇ ਪਾਸੇ ਇਸ ਬਾਰਿਸ਼ ਕਾਰਨ ਸੜਕਾਂ ’ਤੇ ਪਾਣੀ ਖੜ੍ਹਾ ਹੋਣ ਨਾਲ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਇਸ ਬਾਰਿਸ਼ ਕਾਰਨ ਤਿੱਬੜੀ ਰੋਡ, ਕਬੂਤਰੀ ਗੇਟ, ਹਨੂਮਾਨ ਚੌਂਕ, ਗੀਤ ਭਵਨ ਰੋਡ ਸਮੇਤ ਹੇਠਲੇ ਇਲਾਕਿਆਂ ’ਚ ਪਾਣੀ ਖੜ੍ਹਾ ਹੋਣ ਕਾਰਨ ਲੋਕ ਕਾਫੀ ਪ੍ਰੇਸ਼ਾਨ ਹੋਏ। ਝੋਨੇ ਦੀ ਫ਼ਸਲ ਦੀ ਲੁਵਾਈ ਦਾ ਸੀਜਨ ਸ਼ੁਰੂ ਹੋ ਗਿਆ ਹੈ ਅਤੇ ਇਸ ਬਾਰਿਸ਼ ਨਾਲ ਹੁਣ ਖੇਤਾਂ ’ਚ ਝੋਨਾ ਲਾਉਣ ਵਾਲੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਕਾਫੀ ਆਸਾਨੀ ਹੋਵੇਗੀ ਜੇਕਰ ਅਗਲੇ ਦਿਨਾਂ ’ਚ ਵੀ ਇੰਦਰ ਦੇਵਤਾ ਇਸੇ ਤਰ੍ਹਾਂ ਖੁਸ਼ ਰਹਿੰਦੇ ਹਨ ਤਾਂ ਬਾਰਿਸ਼ ਦੇ ਲਗਾਤਾਰ ਜਾਰੀ ਰਹਿਣ ਨਾਲ ਜਿੱਥੇ ਝੋਨੇ ਦੀ ਫ਼ਸਲ ਦਾ ਝਾੜ ਵੱਧ ਨਿਕਲੇਗਾ।

ਅਦਾਰਾ ‘ਲੋਕ ਬਾਣੀ’ ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ’ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਅਨਾਇਤ ਮੁਰਕੀ ਸਾਹ ਅਰਨੇ ਬਰਨਿਆ ਦਰਬਾਰ ਰਾਹੋ ਮੇਲਾ ਸ਼ਾਨੋ ਸੋਕਤ ਨਾਲ ਹੋਇਆ:ਮਹਿੰਦਰ ਸਾਹ



**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਸਾਈ ਅਨਾਇਤ ਮੁਰਕੀ ਸਾਹ ਅਰਨੇ ਬਰਨਿਆ ਵਾਲੇ ਦਰਬਾਰ ਤੇ ਹਰ ਸਾਲ ਦੀ ਤਰਾ ਇਸ ਸਾਲ ਵੀ ਬੜ੍ਹੀ ਸਾਨੋ ਸੋਕਤ ਨਾਲ ਹੋਇਆ.ਗੱਦੀ ਨਸ਼ੀਨ ਮਹਿੰਦਰ ਸਾਹ ਵਲੋ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਮੇਲੇ ਵਿੱਚ ਬਾਬਾ ਬਲਦੇਵ ਸਿੰਘ ਸੈਣੀ ਚੇਅਰਮੈਨ ਸੂਫੀ ਦਰਗਾਹ ਐਕਸਨ ਕਮੇਟੀ,ਪੰਜਾਬ ਅਤੇ ਕੁਲਵੀਰ ਸਾਹ ਵਾਇਸ ਚੇਅਰਮੈਨ,ਨਰਿੰਦਰ ਦਾਸ ਪ੍ਰਧਾਨ ਵਿਸੇਸ ਤੋਰ ਤੇ ਮੇਲੇ ਵਿੱਚ ਪਹੁੰਚੇ.ਪੰਜਾਬ ਦੇ ਮਸ਼ਹੂਰ ਕਲਾਕਾਰਾ ਨੇ ਆਪਣੀ ਆਪਣੀ ਹਾਜਰੀ ਲਵਾਕੇ ਮੇਲੇ ਦਾ ਰੰਗ ਬੰਨਿਆ.ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ.ਮੇਲੇ ਵਿੱਚ ਵੱਖ ਵੱਖ ਕੋਨਿਆ ਤੋ ਆਕੇ ਆਪਣੀ ਹਾਜਰੀ ਦਰਬਾਰ ਵਿੱਚ ਲਗਾਈ.ਆਈਆ ਸੰਗਤਾ ਅਤੇ ਕਲਾਕਾਰਾ ਦਾ ਨਿੱਘਾ ਸਵਾਗਤ ਗੱਦੀ ਨਸ਼ੀਨ,ਸੂਫੀ ਦਰਗਾਹ ਐਕਸ਼ਨ ਕੇਮਟੀ ਪੰਜਾਬ ਵਲੋ ਕੀਤਾ ਗਿਆ।

# ਅਫ਼ਗਾਨਿਸਤਾਨ ਦੇ ਸਿੱਖਾਂ ਦੀ ਜਾਨ ਮਾਲ ਦੀ ਰਾਖੀ ਲਈ ਸੰਯੁਕਤ ਰਾਸ਼ਟਰ ਤੁਰੰਤ ਦਖ਼ਲ ਦੇਵੇ : ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ

**ਚੌਕ ਮਹਿਤਾ/ਲੋਕ ਬਾਣੀ**

ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬਲ ਦੇ ਇਤਿਹਾਸਕ ਗੁਰਦੁਆਰਾ ਕਰਤੇ ਪਰਵਾਨ 'ਚ ਸਵੇਰ ਸਮੇਂ ਅੱਤਵਾਦੀਆਂ ਵੱਲੋਂ ਕੀਤੇ ਗਏ ਹਮਲੇ ਨੂੰ ਸਭ ਤੋਂ ਵੱਧ ਦੁਖਦਾਇਕ ਕਰਾਰ ਦਿੱਤਾ ਅਤੇ ਇਸ ਘਿਣਾਉਣੀ ਕਾਰਵਾਈ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਸੰਯੁਕਤ ਰਾਸ਼ਟਰ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣਾ ਅਸਰ ਰਸੂਖ਼ ਵਰਤਦਿਆਂ ਅਫ਼ਗਾਨਿਸਤਾਨ 'ਚ ਸਿੱਖ ਭਾਈਚਾਰੇ ਦੀ ਜਾਨ ਮਾਲ ਦੀ ਰਾਖੀ ਤੇ ਸੁਰੱਖਿਆ ਯਕੀਨੀ ਬਣਾਉਣ ਲਈ ਹਰ ਲੋੜੀਂਦੀ ਠੋਸ ਕਦਮ ਚੁੱਕਣ ਦੀ ਅਪੀਲ ਕੀਤੀ ਹੈ ਉਨ੍ਹਾਂ ਕਿਹਾ ਕਿ ਕਾਬਲ ਵਿਖੇ ਸਿੱਖ ਭਾਈਚਾਰੇ ਨਾਲ ਵੱਡਾ ਜ਼ੁਲਮ ਹੋ ਰਿਹਾ ਹੈ ਉਕਤ ਘਟਨਾ ਅਤੇ ਅਫ਼ਗਾਨਿਸਤਾਨ ਦੇ ?ਸਿੱਖਾਂ ਦੇ ਭਵਿੱਖ ਨੂੰ ਲੈ ਕੇ ਵਿਸ਼ਵ ਭਰ ਦੇ ਸਿੱਖਾਂ ਵਿਚ ਭਾਰੀ ਚਿੰਤਾ ਅਤੇ ਰੋਸ ਪਾਇਆ ਜਾ ਰਿਹਾ ਹੈ ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੇ ਅਦਬ ਸਤਿਕਾਰ ਨੂੰ ਪਹੁੰਚਾਈ ਜਾ ਰਹੀ ਠੇਸ ਨੇ ਸਿੱਖ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿੱਤਾ ਹੈ ਦਮਦਮੀ



ਟਕਸਾਲ ਦੇ ਮੁਖੀ ਨੇ ਵਿਸ਼ਵ ਸਿੱਖ ਭਾਈਚਾਰੇ ਨੂੰ ਅਫ਼ਗਾਨ ਦੇ ਸਿੱਖਾਂ ਦੇ ਭਵਿੱਖ ਨੂੰ ਲੈ ਕੇ ਇਕ ਵਿਸ਼ਵ ਵਿਆਪੀ ਵਿਉਂਤਬੰਦੀ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਸਿੱਖ ਲੀਡਰਸ਼ਿਪ ਨੂੰ ਇਸ ਵਲ ਤੁਰੰਤ ਵਿਸ਼ੇਸ਼ ਧਿਆਨ ਦੇਣ ਅਤੇ ਅੱਗੇ ਆਉਣ ਦੀ ਅਪੀਲ ਕੀਤੀ ਦਮਦਮੀ ਟਕਸਾਲ ਦੇ ਮੁਖੀ ਨੇ ਕਿਹਾ ਕਿ ਸਿੱਖ ਅਮਨ ਪਸੰਦ ਕੌਮ ਹੈ ਜੋ ਸਰਬੱਤ ਦਾ ਹਮੇਸਾਂ ਭਲਾ ਲੋਚਦੀ ਆਈ ਹੈ ਅਤੇ ਆਪਣੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ @ਤੇ ਚੱਲਦਿਆਂ ਹਰ ਇਕ ਨਾਲ ਮਿਲਵਰਤਨ ਦੀ ਰਵਾਇਤ ਕਾਇਮ ਰੱਖੀ ਹੈ ਸਿੱਖ ਜਿਸ ਵੀ ਦੇਸ਼ ਵਿਚ ਵਸਿਆ ਹੋਇਆ ਹੈ, ਉੱਥੋਂ ਦੀ ਤਰੱਕੀ ਅਤੇ ਖ਼ੁਸ਼ਹਾਲੀ ਲਈ ਅਹਿਮ ਯੋਗਦਾਨ ਪਾ ਰਹੇ ਹਨ ਪਰ ਅਫ਼ਸੋਸ ਹੈ ਕਿ ਅਫ਼ਗਾਨਿਸਤਾਨ 'ਚ ਇਸ ਤੋਂ ਪਹਿਲਾਂ ਵੀ ਸਿੱਖਾਂ @ਤੇ ਕਈ ਵਾਰ ਹਮਲੇ ਹੋ ਚੁੱਕੇ ਹਨ ਅਤੇ ਉੱਥੇ ਵੱਸਦੇ ਸਿੱਖਾਂ ਦੀਆਂ ਮੁਸ਼ਕਲਾਂ @ਚ ਨਿਰੰਤਰ ਵਾਧਾ ਹੋ ਰਿਹਾ ਹੈ ਜਿਸ ਕਰਕੇ ਉੱਥੋਂ ਦੇ ਸਿੱਖਾਂ ਅੰਦਰ ਚਿੰਤਾ ਅਤੇ ਡਰ ਦਾ ਮਾਹੌਲ ਹੈ ਉਨ੍ਹਾਂ ਸੰਯੁਕਤ ਰਾਸ਼ਟਰ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਡਾ. ਐਸ ਜੈ ਸ਼ੰਕਰ ਨੂੰ ਅਫ਼ਗਾਨਿਸਤਾਨ ਵਿਚ ਰਹਿੰਦੇ ਘੱਟ ਗਿਣਤੀ ਸਿੱਖਾਂ ਦੀ ਸੁਰੱਖਿਆ ਲਈ ਤੁਰੰਤ ਠੋਸ ਕਦਮ ਚੁੱਕਣ ਅਤੇ ਉਨ੍ਹਾਂ ਨੂੰ ਭਾਰਤ ਲਿਆ ਕੇ ਵਸਾਉਣ ਲਈ ਯਤਨ ਤੇਜ਼ ਕਰਨ ਦੀ ਅਪੀਲ ਕੀਤੀ ਹੈ।

ਇਸ ਮੌਕੇ ਉਨ੍ਹਾਂ ਭਾਰਤ ਸਰਕਾਰ ਨੂੰ ਪੰਜਾਬ ਯੂਨੀਵਰਸਿਟੀ. ਤੋਂ ਪੰਜਾਬ ਦਾ ਅਧਿਕਾਰ ਖ਼ਤਮ ਕਰਨ ਪ੍ਰਤੀ ਰਚੀ ਜਾ ਰਹੀ ਸਾਜ਼ਿਸ਼ ਨੂੰ ਤੁਰੰਤ ਰੋਕਦਿਆਂ ਬਚਿਆਂ ਦੇ ਭਵਿੱਖ ਦੇ ਮੱਦੇਨਜ਼ਰ ਇਸ ਨੂੰ ਪੰਜਾਬ ਦੇ ਅਧਿਕਾਰ ਅਧੀਨ ਬਣਾਈ ਰੱਖਣ ਲਈ ਕਿਹਾ ਹੈ॥

# ਜਾਅਲੀ ਜਮਾਬੰਦੀਆਂ ਦੇ ਅਧਾਰ @ਤੇ ਬੈਂਕ ਨਾਲ ਸਵਾ 2 ਕਰੋੜ ਰੁਪਏ ਦੀ ਠੱਗੀ ਮਾਰਨ ਵਾਲਾ ਕਾਬੂ

**ਗੁਰਦਾਸਪੁਰ/ਲੋਕ ਬਾਣੀ**

ਥਾਣਾ ਸਿਟੀ ਗੁਰਦਾਸਪੁਰ ਦੀ ਪੁਲਸ ਨੇ ਜਾਅਲੀ ਜਮਾਬੰਦੀਆਂ ਤਿਆਰ ਕਰਕੇ ਸਵਾ 2 ਕਰੋੜ ਰੁਪਏ ਦਾ ਲੋਨ ਲੈ ਕੇ ਧੋਖਾਧੜੀ ਕਰਨ ਵਾਲੇ 5 ਦੋਸ਼ੀਆਂ @ਚ ਇਕ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਪੁਲਸ ਅਧਿਕਾਰੀ ਨੇ ਦੱਸਿਆ ਕਿ ਹੇਮਰਾਜ ਸਤਵਾਨ ਬ੍ਰਾਂਚ ਮੈਨੇਜਰ ਯੂਨੀਅਨ ਬੈਂਕ ਆਫ ਇੰਡੀਆ ਗੁਰਦਾਸਪੁਰ ਨੇ 11 ਅਕਤੂਬਰ 2021 ਨੂੰ ਪੁਲਸ ਨੂੰ ਸ਼ਿਕਾਇਤ ਕੀਤੀ ਸੀ ਕਿ ਅਜੈ ਸ਼ੰਕਰ, ਉਸ ਦੀ ਭਰਜਾਈ ਸਰਿਤਾ ਕੁਮਾਰੀ ਵਾਸੀ ਗੁਰਦਾਸਪੁਰ, ਜਸਵਿੰਦਰ ਸਿੰਘ ਵਾਸੀ ਗੁਰਦਾਸਪੁਰ, ਹਰਪ੍ਰੀਤ ਸਿੰਘ ਵਾਸੀ ਵਰਸੋਲਾ ਅਤੇ ਪਟਵਾਰੀ ਅਸ਼ਵਨੀ ਕੁਮਾਰ ਵਾਸੀ ਗੁਰਦਾਸਪੁਰ ਨੇ ਮਿਲ ਕੇ ਪਿੰਡ ਮਾਨ ਅਤੇ ਚੋਪੜਾ ਵਿਖੇ ਜ਼ਮੀਨ ਦੀ ਜਾਅਲੀ ਜਮਾਬੰਦੀ ਤਿਆਰ ਕੀਤੀ ਹੈ। ਇਸੇ ਜਮਾਬੰਦੀ ਦੇ ਆਧਾਰ 'ਤੇ ਉਨ੍ਹਾਂ ਨੇ ਯੂਨੀਅਨ ਬੈਂਕ ਆਫ ਇੰਡੀਆ ਗੁਰਦਾਸਪੁਰ ਵਿੱਚ ਮਰਜ ਹੋ ਚੁੱਕੇ ਆਂਧਰਾ ਬੈਂਕ ਤੋਂ 2 ਕਰੋੜ 25 ਲੱਖ ਦਾ ਲੋਨ ਲੈ ਲਿਆ ਅਤੇ ਬਾਅਦ ਵਿਚ ਉਕਤ ਲੋਨ ਵਾਪਿਸ ਨਹੀਂ ਕੀਤਾ ਇਸ ਸ਼ਿਕਾਇਤ ਦੀ ਇੰਨਕੁਆਰੀ ਕਪਤਾਨ ਪੁਲਸ ਇੰਨਵੈਸਟੀਗੇਸ਼ਨ ਗੁਰਦਾਸਪੁਰ ਵਲੋਂ ਕੀਤੀ ਗਈ ਸੀ, ਜਿਨਾਂ ਦੀ ਰਿਪੋਰਟ ਦੇ ਆਧਾਰ @ਤੇ ਉਕਤ 5 ਵਿਅਕਤੀਆਂ ਖ਼ਿਲਾਫ਼ ਧਾਰਾ 420, 467, 468, 471, 167 ਅਤੇ 170 ਤਹਿਤ ਮਾਮਲਾ ਦਰਜ ਕੀਤਾ ਗਿਆ ਸੀ ਉਕਤ ਦੋਸ਼ੀਆਂ 'ਚੋਂ ਪੁਲਸ ਨੇ ਅਜੇ ਸ਼ੰਕਰ ਨੂੰ ਗ੍ਰਿਫ਼ਤਾਰ ਕਰ ਲਿਆ।

# ਨਸ਼ਾ ਮੁਕਤ ਪੰਜਾਬ ਦੀ ਸਹੀ ਮਾਅਨਿਆਂ ਵਿੱਚ ਸਥਾਪਨਾ ਸਰਕਾਰ ਦੀ ਪ੍ਰਾਥਮਿਕਤਾ : ਜਗਤਾਰ ਸਿੰਘ ਦਿਆਲਪੁਰਾ

**ਸਮਰਾਲਾ/ਭੂਸ਼ਨ ਬਾਂਸਲ ਸੁਨੀਲ ਅਗਰਵਾਲ**

ਵੈਧਵਾਨ ਆਯੁਰਵੈਦਿਕ ਔਰਗਾਨਿਜ਼ੇਸ਼ਨ ਦੀ ਤਰਫੋਂ ਟਰੱਕ ਯੂਨੀਅਨ ਸਮਰਾਲਾ ਦੇ ਪ੍ਰਧਾਨ - ਪਵਨਦੀਪ ਸਿੰਘ ਮਾਦਪੁਰ ਦੀ ਅਗਵਾਈ ਹੇਠ ਵਿਸ਼ਾਲ ਨਸ਼ਾ ਮੁਕਤੀ ਮੁਫਤ ਕੈਂਪ ਟਰੱਕ ਯੂਨੀਅਨ ਵਿਖੇ ਲਗਾਇਆ ਗਿਆ।



ਜਿਸ ਵਿਚ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਆਰਗਨਾਈਜੇਸ਼ਨ ਦੀ ਤਰਫੋਂ ਮੁਫ਼ਤ ਦਵਾਈਆਂ ਵੰਡੀਆਂ ਗਈਆਂ ਅਤੇ ਉਨ੍ਹਾਂ ਨੂੰ ਨਸ਼ੇ ਛੱਡਣ ਦੀ ਗਾਈਡੈਂਸ ਪ੍ਰਦਾਨ ਕੀਤੀ ਗਈ ਮੈਡੀਕਲ ਕੈਂਪ ਦਾ ਰਸਮੀ ਉਦਘਾਟਨ ਹਲਕਾ ਵਿਧਾਇਕ , ਆਪ ਨੇਤਾ ਜਗਤਾਰ ਸਿੰਘ ਦਿਆਲਪੁਰਾ ਅਤੇ ਸਾਬਕਾ ਵਿਧਾਇਕ ਸਮਰਾਲਾ- ਜਗਜੀਵਨ ਸਿੰਘ ਖੀਰਨੀਆਂ ਤਰਫੋਂ ਸਾਂਝੇ ਤੌਰ ਤੇ ਕੀਤਾ ਗਿਆ ਇਸ ਮੌਕੇ ਤੇ ਆਯੁਰਵੈਦ ਸੰਸਥਾਨ ਵੈਦਵਾਨ ਦੇ ਆਰਗੇਨਾਈਜ਼ਰ , ਮੈਨੇਜਿੰਗ ਡਾਇਰੈਕਟਰ ਅਤੇ ਉੱਘੇ ਸਮਾਜ ਸੇਵੀ ਸੁਭਾਸ਼ ਗੋਇਲ ਨੇ ਹਾਜ਼ਰੀਨ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ,ਜਗਜੀਵਨ ਸਿੰਘ ਖੀਰਨੀਆਂ, ਜਤਿੰਦਰ ਸਿੰਘ ਜੋਗਾ ਬਲਾਲਾ-ਮੈਂਬਰ ਜ਼ਿਲ੍ਹਾ ਪ੍ਰੀਸ਼ਦ,ਚੇਅਰਮੈਨ -ਬਲਵਿੰਦਰ ਸਿੰਘ ਬੰਬ- ਮੈਂਬਰ ਬਲਾਕ ਸੰਮਤੀ , ਅਤੇ ਹੋਰਨਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਇਸ ਮੌਕੇ ਤੇ ਆਪਣੇ ਸੰਬੋਧਨ ਵਿੱਚ ਵਿਧਾਇਕ ਸਮਰਾਲਾ- ਜਗਤਾਰ ਸਿੰਘ ਦਿਆਲਪੁਰਾ ਨੇ ਕਿਹਾ ਕਿ ਅਜਿਹੇ ਕੈਂਪ ਨਸ਼ੇ ਦੇ ਮਰੀਜ਼ ਲਈ ਅਤਿ ਲਾਹੇਵੰਦ ਸਾਬਿਤ ਹੋਵੇਗਾ ਅਤੇ ਅਜਿਹੇ ਕੈਂਪ ਲੱਗਦੇ ਰਹਿਣੇ ਚਾਹੀਦੇ ਹਨ ਅਤੇ ਨਸ਼ੇ ਦੇ ਮਰੀਜ਼ਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਅਜਿਹੇ ਕੈਂਪਾਂ ਵਿੱਚ ਹਰ ਹਾਲਤ ਵਿਚ ਪੁੱਜ ਕੇ ਸਲਾਹ ਲੈਣੀ ਚਾਹੀਦੀ ਹੈ, ਤਾਂਕਿ ਨਸ਼ਾ ਮੁਕਤ ਸਮਾਜ ਦੀ ਸਥਾਪਨਾ ਲਈ ਆਪਣਾ ਬਣਦਾ ਯੋਗਦਾਨ ਹਰ ਕੋਈ ਪਾ ਸਕੇ ਵਿਧਾਇਕ ਜਗਤਾਰ ਸਿੰਘ- ਦਿਆਲਪੁਰਾ ਨੇ ਕਿਹਾ ਕਿ ਆਪ ਦੀ ਸਰਕਾਰ ਵੱਲੋਂ ਪਹਿਲਾਂ ਹੀ ਨਸ਼ਾ ਮੁਕਤ ਪੰਜਾਬ ਦੀ ਗੱਲ ਕੀਤੀ ਗਈ ਹੈ ਅਤੇ ਇਸਦੇ ਲਈ ਲਗਾਤਾਰ ਅਭਿਆਨ ਸ਼ੁਰੂ ਵੀ ਹੋ ਚੁੱਕਾ ਹੈ ਇਸ ਮੌਕੇ ਆਪਣੇ ਸੰਬੋਧਨ ਵਿਚ ਸਾਬਕਾ ਵਿਧਾਇਕ ਅਤੇ ਆਪ ਨੇਤਾ -ਜਗਜੀਵਨ ਸਿੰਘ ਖੀਰਨੀਆਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਸਰਕਾਰ ਦੀ ਤਰਫੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਲਈ ਵੱਡੇ ਪੱਧਰ ਉੱਤੇ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਕਿ ਪੰਜਾਬ ਨੂੰ ਸਹੀ ਮਾਅਨਿਆਂ ਵਿੱਚ ਨਸ਼ਾ ਮੁਕਤ ਕੀਤਾ ਜਾ ਸਕੇ ਸਾਬਕਾ ਵਿਧਾਇਕ ਸ ਖੀਰਨੀਆਂ ਨੇ ਕਿਹਾ ਕਿ ਕਿ ਅੱਜ ਟਰੱਕ ਯੂਨੀਅਨ ਸਮਰਾਲਾ ਦੇ ਪ੍ਰਧਾਨ ਪਵਨਦੀਪ ਸਿੰਘ ਮਾਦਪੁਰ ਦੀ ਅਗਵਾਈ ਹੇਠ ਇਹ ਕੈਂਪ ਬੈਦਵਾਨ ਆਯੁਰਵੈਦਿਕ ਸੰਸਥਾਨ ਦੇ ਮੈਨੇਜਿੰਗ ਡਾਇਰੈਕਟਰ - ਸੁਭਾਸ਼ ਗੋਇਲ ਦੀ ਤਰਫੋਂ ਲਗਾਇਆ ਗਿਆ ਹੈ ਇਹ ਇਕ ਨਸ਼ਾ ਮੁਕਤ ਸਮਾਜ ਦੇ ਲਈ ਇਕ ਠੋਸ ਯਤਨ ਹੈ ਇਸ ਮੌਕੇ ਤੇ ਵੈਦਵਾਨ ਨਸ਼ਾ ਮੁਕਤ ਪੰਜਾਬ ਯਾਤਰਾ ਦੇ ਵਿੱਚ ਸਮਰਾਲਾ ਪੁੱਜੇ ਡਾ ਅਨਿਲ ਕੁਮਾਰ ਭਗਤ- ਪੀ.ਐੱਚ.ਡੀ. ਨੇ ਨਸ਼ੇ ਦੇ ਮਰੀਜ਼ਾਂ ਨੂੰ ਨਸ਼ਾ ਛੱਡਣ ਦੇ ਲਈ ਵਿਸਥਾਰਤ ਜਾਣਕਾਰੀ ਦਿੱਤੀ।

ਟਰੱਕ ਯੂਨੀਅਨ ਸਮਰਾਲਾ ਵਿਖੇ ਇਹ ਉਪਰਾਲਾ ਵੈਦਵਾਨ ਆਰਗੇਨਾਈਜ਼ੇਸ਼ਨ ਨੇ ਤਰਫੋਂ ਟਰੱਕ ਯੂਨੀਅਨ ਸਮਰਾਲਾ ਟ੍ਰੈਫਿਕ ਇੰਚਾਰਜ ਸਮਰਾਲਾ ਅਤੇ ਸਾਂਝ ਕੇਂਦਰ ਵੱਲੋਂ ਸਾਂਝੇ ਤੌਰ ਲਗਾਇਆ ਗਿਆ।

ਇਸ ਮੌਕੇ ਤੇ ਵਿਸ਼ੇਸ ਤੌਰ ਤੇ ਟਰੱਕ ਯੂਨੀਅਨ ਸਮਰਾਲਾ ਦੇ ਪ੍ਰਧਾਨ ਪਵਨਦੀਪ ਸਿੰਘ - ਮਾਦਪੁਰ, ਮੈਂਬਰ ਜ਼ਿਲ੍ਹਾ ਪ੍ਰੀਸ਼ਦ- ਜਤਿੰਦਰ ਸਿੰਘ - ਜੋਗਾ ਬਲਾਲਾ ,ਉੱਘੇ ਸਮਾਜ ਸੇਵੀ ਜਗਜੀਤ ਭਰਥਲਾ ,ਚੇਅਰਮੈਨ ਅਤੇ -ਮੈਂਬਰ ਬਲਾਕ ਸੰਮਤੀ ਬਲਵਿੰਦਰ ਸਿੰਘ ਬੰਬ, ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ ਭਲਾਈ ਟਰੱਸਟ ਦੇ ਨੈਸ਼ਨਲ ਚੀਫ ਕੋਆਰਡੀਨੇਟਰ - ਮੈਡਮ ਅਰਵਿੰਨ ਕੌਰ ਸੰਧੂ , ਭਗਤ ਕਬੀਰ ਵੈੱਲਫੇਅਰ ਫਾਊਂਡੇਸ਼ਨ ( ਰਜਿ.) ਦੇ ਫਾਊਂਡਰ ਜਰਨਲ ਸਕੱਤਰ- ਪਰਦੀਪ ਸਿੰਘ ਹੈਪੀ , ਤੇਜਿੰਦਰ ਸਿੰਘ- ਟਰੈਫਿਕ ਇੰਚਾਰਜ ਸਮਰਾਲਾ,ਕਰਨਦੀਪ ਸਿੰਘ- ਸਾਂਝ ਕੇਂਦਰ ਸਮਰਾਲਾ , ਸਤਵਿੰਦਰ ਸਿੰਘ ਸਿੱਧੂ,ਜਸਬੀਰ ਸਿੰਘ, ਨਾਇਬ ਸਿੰਘ , ਹਰਵਿੰਦਰ ਸਿੰਘ ,ਗੁਰਸੇਵਕ ਸਿੰਘ, ਜਗਦੀਪ ਵਰਮਾ,ਵਿਨੋਦ ਕੁਮਾਰ ਸਮੇਤ ਵੱਡੀ ਗਿਣਤੀ ਵਿਚ - ਟਰੱਕ ਯੂਨੀਅਨ ਸਮਰਾਲਾ ਦੇ ਅਹੁਦੇਦਾਰ ਅਤੇ ਮੈਂਬਰ ਵੀ ਹਾਜ਼ਰ ਸਨ।

# ਅਖਿਲ ਭਾਰਤੀ ਸਾਹਿਤ ਪ੍ਰੀਸ਼ਦ ਯੂਨਿਟ ਪੰਚਕੂਲਾ ਵੱਲੋਂ ਸੰਤ ਕਬੀਰਦਾਸ ਜੀ ਨੂੰ ਸਮਰਪਿਤ ਕਵਿਤਾ ਸ਼ਾਮ ਕਰਵਾਈ





## ਸਾਹਿਤਕਾਰ ਡਾ: ਵਿਨੋਦ ਸ਼ਰਮਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ

**ਪੰਚਕੂਲਾ/ਲੋਕ ਬਾਣੀ**

ਅਖਿਲ ਭਾਰਤੀ ਸਾਹਿਤ ਪ੍ਰੀਸ਼ਦ ਯੂਨਿਟ ਪੰਚਕੂਲਾ ਦੇ ਬੈਨਰ ਹੇਠ ਸੰਤ ਸ਼੍ਰੋਮਣੀ ਕਬੀਰਦਾਸ ਜੀ ਨੂੰ ਸਮਰਪਿਤ ਕਵੀ ਸ਼ਾਮ ਦਾ ਆਯੋਜਨ ਕੀਤਾ ਗਿਆ ਇਹ ਪ੍ਰੋਗਰਾਮ ਪੰਚਕੂਲਾ ਵਿਖੇ ਪ੍ਰੀਸ਼ਦ ਦੇ ਸੀਨੀਅਰ ਮੈਂਬਰ ਬਾਲ ਕ੍ਰਿਸ਼ਨ ਗੁਪਤਾ ਦੇ ਨਿਵਾਸ ਪੰਚਕੂਲਾ ਵਿਖੇ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਪ੍ਰੀਸ਼ਦ ਦੇ ਹਰਿਆਣਾ ਸੂਬਾ ਮੀਤ ਪ੍ਰਧਾਨ ਸੰਤੋਸ਼ ਗਰਗ ਨੇ ਕੀਤੀ ਇਸ ਮੌਕੇ ਸੂਬਾਈ ਸੰਗਠਨ ਮੰਤਰੀ ਡਾ: ਮਨੋਜ ਭਾਰਤ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਉਨ੍ਹਾਂ ਦੇ ਨਾਲ ਭਿਵਾਨੀ ਦੇ ਕਾਰਜਕਾਰੀ ਪ੍ਰਧਾਨ ਮਹਿੰਦਰ ਸਾਗਰ ਅਤੇ ਪੰਚਕੂਲਾ ਦੇ ਸੀਨੀਅਰ ਸਾਹਿਤਕਾਰ ਡਾ: ਵਿਨੋਦ ਸ਼ਰਮਾ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ ਸੰਸਥਾ ਦੇ ਜਨਰਲ ਸਕੱਤਰ ਅਨਿਲ ਸ਼ਰਮਾ 'ਚਿੰਤਕ' ਨੇ ਸ਼ਾਨਦਾਰ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ ਬਾਲਕ੍ਰਿਸ਼ਨ ਗੁਪਤਾ ਜੀ ਨੇ ਕਬੀਰ ਜੀ ਦੇ ਜੀਵਨ ਨਾਲ ਸਬੰਧਤ ਕਈ ਪਹਿਲੂ ਸਾਂਝੇ ਕੀਤੇ ਅਨਿਲ ਸ਼ਰਮਾ ਚਿੰਤਕ ਨੇ ਸਵਈਏ ਦੀਆਂ ਵਾਰਾਂ ਤੋਂ ਆਪਣੀ ਪੇਸ਼ਕਾਰੀ ਦਿੱਤੀ ਵਿਨੋਦ ਕੁਮਾਰ ਸ਼ਰਮਾ ਨੇ ਕਬੀਰ ਜੀ ਦੀ ਜੀਵਨੀ @ਤੇ ਆਧਾਰਿਤ ਆਪਣੀ ਰਚਨਾ ਸੁਣਾਈ ਨੀਰਜਾ ਸ਼ਰਮਾ ਜੀ ਨੇ ਰਚਨਾ 'ਅੱਜ ਫਿਰ ਖੋਲੀ ਮੈਂ ਆਪਣੇ ਮਨ ਦੀ ਗੁਲਕੰਦ' ਰਾਹੀਂ ਮਾਂ ਦੇ ਪਿਆਰ ਨੂੰ ਬਿਆਨ ਕੀਤਾ ਮਹਿੰਦਰ ਸਾਗਰ ਜੀ ਨੇ ਦੋਹੇ ਅਤੇ ਗ਼ਜ਼ਲਾਂ ਰਾਹੀਂ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਭਿਵਾਨੀ ਤੋਂ ਆਏ ਡਾ: ਮਨੋਜ ਭਰਤ ਨੇ ਸਭਾ ਦੇ ਜਥੇਬੰਦਕ ਕਾਰਜਾਂ ਦਾ ਵਰਣਨ ਕਰਦੇ ਹੋਏ ਪ੍ਰਭਾਵਸ਼ਾਲੀ ਦੋਹੇ ਅਤੇ ਗ਼ਜ਼ਲਾਂ ਪੇਸ਼ ਕਰਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਕਬੀਰ ਜੀ ਦੀ ਮਹਿਮਾ ਆਪਣੇ ਦੋਹੇ ਨਾਲ ਬਿਆਨ ਕਰਦਿਆਂ ਕਿਹਾ, ÷ਪੰਡਿਤ ਮੁੱਲਾ ਪਾਸਟਰ, ਬਹੁਤ ਫਕੀਰ ਹੋਣਗੇ ਦੁਨੀਆਂ ਵਿੱਚ ਤੇਰੇ ਵਰਗਾ ਕੋਈ ਦੂਜਾ ਕਬੀਰ ਨਹੀਂ ÷ ਇਕ ਹੋਰ ਦੋਹੇ ਵਿਚ ਕਿਹਾ ਗਿਆ ਹੈ ਕਿ, ÷ਅਨਪੜ੍ਹ ਪੜ੍ਹਿਆ- ਘੜਿਆ ਵਹਿ, ਨਾਪਾ- ਤੁਲਾ ਹਰਿ ਬੋਲ ਸੰਤ ਕਬੀਰ ਜੀ ਦੀ ਬਾਣੀ ਬਹੁਤ ਕੀਮਤੀ ਹੈ ÷ ਪ੍ਰਧਾਨਗੀ ਭਾਸ਼ਨ ਵਿਚ ਸਭਨਾਂ ਦੀਆਂ ਰਚਨਾਵਾਂ @ਤੇ ਟਿੱਪਣੀ ਕਰਦਿਆਂ ਸ੍ਰੀਮਤੀ ਸੰਤੋਸ਼ ਗਰਗ ਨੇ ਕਬੀਰ ਜੀ ਬਾਰੇ ਜਾਣਕਾਰੀ ਭਰਪੂਰ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦਾ ਪ੍ਰਸਿੱਧ ਦੋਹਾ @ਪੋਥੀ ਪਦ ਪਦ ਜਗ ਮੂਆ, ਪੰਡਿਤ ਭਇਆ ਨ ਕੋਇ ਧਾਇ ਅੱਖਰ ਪ੍ਰੇਮ ਕੇ, ਪਢੇ ਸੋ ਪੰਡਿਤ ਹੋਇ@ ਪੜ੍ਹਿਆ ਇਸ ਮੌਕੇ ਸੰਸਥਾ ਦੇ ਪ੍ਰਧਾਨ ਰਾਜਵੀਰ ਸਿੰਘ ਰਾਜ ਦੇ ਨਾਲ-ਨਾਲ ਸੁਨੀਤਾ ਨੈਨ, ਸ਼ਾਰਦਾ ਮਿੱਤਲ, ਗਣੇਸ਼ ਦੱਤ, ਲਾਜਪਤ ਰਾਏ ਗਰਗ ਅਤੇ ਸਤੀਸ਼ ਪਾਪੂਲਰ ਨੇ ਵੀ ਆਪਣੀਆਂ ਰਚਨਾਵਾਂ ਨਾਲ ਸਾਰਿਆਂ ਨੂੰ ਨਿਹਾਲ ਕੀਤਾ ਮੂਰਤੀ ਗੁਪਤਾ ਦੀ ਮੇਜ਼ਬਾਨੀ ਦੀ ਸਭ ਨੇ ਸ਼ਲਾਘਾ ਕੀਤੀ।

# 'ਅਗਨੀਪਥ' ਨੂੰ ਲਾਗੂ ਕਰਨ ਦੀ ਬਜਾਏ ਸਰੀਰਿਕ ਪ੍ਰੀਖਿਆ ਪਾਸ ਕਰਨ ਵਾਲੇ ਨੌਜਵਾਨਾਂ ਨੂੰ ਲਿਖਤੀ ਪ੍ਰੀਖਿਆ ਵਿੱਚ ਬੈਠਣ ਦਾ ਮੌਕਾ ਦਿਉ: ਮੁੱਖ ਮੰਤਰੀ ਨੇ ਭਾਰਤ ਸਰਕਾਰ ਨੂੰ ਕੀਤੀ ਅਪੀਲ

**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਜਿਹੜੇ ਨੌਜਵਾਨਾਂ ਨੇ ਪਿਛਲੇ ਦੋ ਸਾਲਾਂ ਵਿੱਚ ਸਰੀਰਕ ਪ੍ਰੀਖਿਆ ਪਾਸ ਕੀਤੀ ਹੈ, ਉਨ੍ਹਾਂ ਨੂੰ 'ਅਗਨੀਪਥ' ਸਕੀਮ ਨੂੰ ਲਾਗੂ ਕਰਨ ਦੀ ਬਜਾਏ ਫੌਜ ਵਿੱਚ ਭਰਤੀ ਹੋਣ ਲਈ ਲਿਖਤੀ ਪ੍ਰੀਖਿਆ ਵਿੱਚ ਬੈਠਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ ਇੱਥੇ ਜਾਰੀ ਬਿਆਨ ਵਿੱਚ ਮੁੱਖ ਮੰਤਰੀ ਨੇ 'ਅਗਨੀਪਥ' ਸਕੀਮ ਨੂੰ ਵਾਪਸ ਲੈਣ ਦੀ ਮੰਗ ਨੂੰ ਦੁਹਰਾਉਂਦਿਆਂ ਕਿਹਾ ਕਿ ਇਹ ਬੇਤੁਕੀ ਗੱਲ ਹੈ ਕਿ ਪਿਛਲੇ ਦੋ ਸਾਲਾਂ ਤੋਂ ਹਜ਼ਾਰਾਂ ਨੌਜਵਾਨਾਂ ਨੇ ਹਥਿਆਰਬੰਦ ਸੈਨਾਵਾਂ ਵਿੱਚ ਭਰਤੀ ਲਈ ਸਰੀਰਕ ਪ੍ਰੀਖਿਆ ਪਾਸ ਕੀਤੀ ਹੈ ਪਰ ਉਨ੍ਹਾਂ ਨੂੰ ਲਿਖਤੀ ਪ੍ਰੀਖਿਆ ਲਈ ਨਹੀਂ ਬੁਲਾਇਆ ਗਿਆ ਉਨ੍ਹਾਂ ਕਿਹਾ ਕਿ ਐਨਡੀਏ ਸਰਕਾਰ ਨੇ ਇਸ ਦੇ ਉਲਟ ਇਕ ਅਜੀਬੋ-ਗਰੀਬ ਕਦਮ ਚੁੱਕਦਿਆਂ ਅਗਨੀਪਥ ਸਕੀਮ ਸ਼ੁਰੂ ਕਰ ਦਿੱਤੀ ਹੈ, ਜਿਸ ਵਿੱਚ ਜਵਾਨਾਂ ਨੂੰ ਬਿਨਾਂ ਕਿਸੇ ਪੈਨਸ਼ਨ ਲਾਭ ਤੋਂ ਫੌਜ ਵਿੱਚ ਚਾਰ ਸਾਲ ਦੇ ਛੋਟੇ ਜਿਹੇ ਸੇਵਾਕਾਲ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਭਗਵੰਤ ਮਾਨ ਨੇ ਕਿਹਾ ਕਿ ਇਹ ਦੇਸ਼ ਦੇ ਉਨ੍ਹਾਂ ਨੌਜਵਾਨਾਂ ਨਾਲ ਘੋਰ ਬੇਇਨਸਾਫ਼ੀ ਹੈ, ਜੋ ਭਾਰਤੀ ਫੌਜ ਵਿੱਚ ਭਰਤੀ ਹੋ ਕੇ ਆਪਣੀ ਮਾਤ ਭੂਮੀ ਦੀ ਸੇਵਾ ਕਰਨੀ ਚਾਹੁੰਦੇ ਹਨ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਇਸ ਸਕੀਮ ਨੂੰ ਵਾਪਸ ਲੈਣਾ ਚਾਹੀਦਾ ਹੈ ਅਤੇ ਪਿਛਲੇ ਦੋ ਸਾਲਾਂ ਵਿੱਚ ਸਰੀਰਕ ਟੈਸਟ ਪਾਸ ਕਰਨ ਵਾਲੇ ਨੌਜਵਾਨਾਂ ਨੂੰ ਲਿਖਤੀ ਪ੍ਰੀਖਿਆ ਵਿੱਚ ਬੈਠਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ ਉਨ੍ਹਾਂ ਕਿਹਾ ਕਿ ਇਸ ਨਾਲ ਉਨ੍ਹਾਂ ਨੂੰ ਭਾਰਤੀ ਫੌਜ ਵਿੱਚ ਭਰਤੀ ਹੋਣ ਅਤੇ ਆਪਣੀ ਮਾਤ ਭੂਮੀ ਦੀ ਸੇਵਾ ਕਰਨ ਦਾ ਢੁਕਵਾਂ ਮੌਕਾ ਮਿਲੇਗਾ ਭਗਵੰਤ ਮਾਨ ਨੇ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿਉਂਕਿ ਇਸ ਤਰਕਹੀਣ ਕਦਮ ਨੇ ਪਹਿਲਾਂ ਹੀ ਦੇਸ਼ ਵਿੱਚ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ ਕਿਉਂਕਿ ਭਾਰਤ ਦੇ ਹਰ ਕੋਨੇ ਤੋਂ ਨੌਜਵਾਨ ਇਸ ਫੈਸਲੇ ਵਿਰੁੱਧ ਅੰਦੋਲਨ ਕਰ ਰਹੇ ਹਨ ਮੁੱਖ ਮੰਤਰੀ ਨੇ ਕਿਹਾ ਕਿ ਅਗਨੀਪਥ ਸਕੀਮ, ਜੇਕਰ ਲਾਗੂ ਹੁੰਦੀ ਹੈ, ਤਾਂ ਸੈਨਿਕਾਂ ਦੀ ਲੜਨ ਦੀ ਸਮਰੱਥਾ ਨੂੰ ਕਮਜ਼ੋਰ ਕਰੇਗੀ ਕਿਉਂਕਿ ਸਿਰਫ਼ ਚਾਰ ਸਾਲਾਂ ਵਿੱਚ ਉਨ੍ਹਾਂ ਕੋਲ ਜੰਗ ਦੇ ਮੈਦਾਨ ਵਿੱਚ ਦੁਸ਼ਮਣ ਨਾਲ ਲੜਨ ਦਾ ਬਹੁਤਾ ਤਜਰਬਾ ਨਹੀਂ ਹੋਵੇਗਾ ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਇਹ ਸਕੀਮ ਫੌਜ ਵਿੱਚ ਚਾਰ ਸਾਲ ਦੇ ਥੋੜ੍ਹੇ ਸਮੇਂ ਦੇ ਕਾਰਜਕਾਲ ਤੋਂ ਬਾਅਦ ਨੌਜਵਾਨਾਂ ਨੂੰ ਬੇਰੋਜ਼ਗਾਰ ਬਣਾ ਦੇਵੇਗੀ ਅਤੇ ਉਹ ਵੀ ਉਨ੍ਹਾਂ ਦੇ ਭਵਿੱਖ ਦੀ ਸੁਰੱਖਿਆ ਤੋਂ ਬਿਨਾਂ ਭਗਵੰਤ ਮਾਨ ਨੇ ਕਿਹਾ ਕਿ ਇਹ ਕੱਚ-ਘਰੜ ਨੀਤੀ ਇੱਕ ਬੇਤੁਕੀ ਸੋਚ ਹੈ, ਜੋ ਨੌਜਵਾਨਾਂ ਨੂੰ ਬੇਰੋਜ਼ਗਾਰੀ ਅਤੇ ਗਰੀਬੀ ਦੇ ਮਾੜੇ ਦੌਰ ਵਿੱਚ ਧੱਕੇਗੀ, ਜੋ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਲਈ ਘਾਤਕ ਸਿੱਧ ਹੋਵੇਗੀ।

# ਆਈਆਈਐਫਐਲ ਫਾਈਨਾਂਸ ਨੇ ਸਾਰੇ ਗ੍ਰਾਹਕਾਂ ਲਈ ਗਿਫਟ ਦੇ ਨਾਲ 'ਗੋਲਡ ਲੋਨ ਮੇਲਾ' ਲਾਂਚ ਕੀਤਾ

**ਚੰਡੀਗੜ੍ਹ/ਲੋਕ ਬਾਣੀ**

ਭਾਰਤ ਦੀ ਸਭ ਤੋਂ ਵੱਡੀ ਨਾਨ-ਬੈਂਕਿੰਗ ਫਾਈਨੈਂਸ਼ੀਅਲ ਕੰਪਨੀਆਂ @ਚੋਂ ਇੱਕ ਆਈਆਈਐਫਐਲ ਫਾਈਨਾਂਸ ਨੇ 15 ਜੂਨ 2022 ਤੋਂ 30 ਜੁਲਾਈ 2022 ਦੇ ਵਿਚਕਾਰ ਸਾਰੇ ਗ੍ਰਾਹਕਾਂ ਦੇ ਲਈ 'ਗੋਲਡ ਲੋਨ ਮੇਲਾ ਆਫਰ' ਦੇ ਨਾਲ ਗੋਲਡ ਲੋਨ 'ਤੇ ਆਕਰਸ਼ਕ ਆਫਰ ਪੇਸ਼ ਕੀਤੇ ਹਨ । ਗ੍ਰਾਹਕਾਂ ਨੂੰ ਦਿੱਤੇ ਜਾਣ ਵਾਲੇ ਇਨਾਮਾਂ 'ਚ ਇੱਕ ਜੋੜੇ ਦੇ ਲਈ ਲਗਜਰੀਅਸ ਅੰਤਰਰਾਸ਼ਟਰੀ ਟਿ?ਪ ਵੀ ਸ਼ਾਮਲ ਹੈ । ਇਸਦੇ ਇਲਾਵਾ 45 ਦਿਨਾਂ ਦੇ ਇਸ ਸਮੇਂ 'ਚ ਭਾਰਤ 'ਚ ਆਈਆਈਐਫਐਲ ਫਾਈਨਾਂਸ ਦੀਆਂ 2400 ਨਾਲੋਂ ਜਿਆਦਾ ਗੋਲਡ ਲੋਨ ਬ੍ਰਾਂਚਾਂ ਤੋਂ ਗੋਲਡ ਲੋਨ ਲੈਣ ਵਾਲੇ ਹਰੇਕ ਗ੍ਰਾਹਕ ਨੂੰ ਨਿਸ਼ਚਿਤ ਤੋਹਫੇ ਦਿੱਤੇ ਜਾਣਗੇ । 'ਗੋਲਡ ਲੋਨ ਮੇਲਾ ਆਫਰ' ਦੇ ਲਾਂਚ ਦੇ ਬਾਰੇ ਚ ਸ੍ਰੀ ਮਨੀਸ਼ ਮਯੰਕ ਜੋਨਲ ਹੈੱਡ ਗੋਲਡ ਲੋਨ ਆਈਆਈਐਫਐਲ ਫਾਈਨਾਂਸ ਨੇ ਕਿਹਾ 'ਆਈਆਈਐਫਐਲ ਗੋਲਡ ਲੋਨ ਆਪਣੇ ਪਾਰਦਰਸ਼ੀ ਵਿਵਹਾਰ ਅਤੇ ਬਿਹਤਰੀਨ ਦਰ 'ਤੇ ਗੋਲਡ ਲੋਨ ਦੇ ਨਾਲ ਭਾਰਤ 'ਚ ਲੱਖਾਂ ਗ੍ਰਾਹਕਾਂ ਦਾ ਦਿਲ ਜਿੱਤ ਚੁੱਕਿਆ ਹੈ । ਅਰਥ ਵਿਵਸਥਾ ਅਤੇ ਵਪਾਰ 'ਚ ਇੱਕੋ ਜਿਹੇ ਹਾਲਾਤ ਬਹਾਲ ਹੋਣ ਦੇ ਨਾਲ ਅਸੀਂ ਸਾਰੇ ਗ੍ਰਾਹਕਾਂ ਦੇ ਪ੍ਰਤੀ ਆਪਣਾ ਧੰਨਵਾਦ ਦਰਸਾਉਣ ਦੇ ਲਈ ਉਨ੍ਹਾਂ ਨੂੰ ਆਪਣੇ 'ਗੋਲਡ ਲੋਨ ਮੇਲਾ' ਆਫਰ 'ਚ ਕਰੋੜਾਂ ਰੁਪਏ ਦੇ ਤੋਹਫੇ ਪ੍ਰਦਾਨ ਕਰ ਰਹੇ ਹਾਂ ।




ਆਈਆਈਐਫਐਲ ਫਾਈਨਾਂਸ ਦੇ ਬ੍ਰਾਂਡ ਅੰਬੈਸਡਰ ਰੋਹਿਤ ਸ਼ਰਮਾ ਦੇ ਚਿਤਰਣ ਵਾਲੇ ਆਕਰਸ਼ਕ ਤੋਹਫਿਆਂ ਦੇ ਇਲਾਵਾ ਆਈਆਈਐਫਐਲ ਫਾਈਨਾਂਸ ਸਿਰਫ 5 ਮਿੰਟ 'ਚ ਲੋਨ ਦੀ ਤੇਜ ਪ੍ਰੋਸੈਸਿੰਗਦੀ ਵਚਨਬੱਧਤਾ ਦੇ ਨਾਲ ਸਭ ਤੋਂ ਘੱਟ ਵਿਆਜ ਦਰ ਅਤੇ ਸਭ ਤੋਂ ਜਿਆਦਾ ਲੋਨ ਰਾਸ਼ੀ ਅਤੇ ਅਸਾਨ ਡਿਜੀਟਲ ਭੁਗਤਾਨ ਦੇ ਵਿਕਲਪ ਪੇਸ਼ ਕਰਵਾ ਰਿਹਾ ਹੈ । ਆਈਆਈਐਫਐਲ ਫਾਈਨਾਂਸ ਭਾਰਤ 'ਚ ਸਭ ਤੋਂ ਤੇਜੀ ਨਾਲ ਵਿਕਸਿਤ ਹੁੰਦੀ ਹੋਈ ਅਤੇ ਸਭ ਤੋਂ ਜਿਆਦਾ ਰਿਟੇਲ ਕੇਂਦਰਿਤ ਫਾਈਨਾਂਸ ਕੰਪਨੀਆਂ @ਚੋਂ ਇੱਕ ਹੈ ਜਿਸਦੇ ਕੋਲ 51000 ਕਰੋੜ ਰੁਪਏ ਦੇ ਲੋਨ ਅਸੇਟ ਅੰਡਰ ਮੈਨੇਜਮੈਂਟ ਹਨ । ਇਹ 80 ਲੱਖ ਨਾਲੋਂ ਜਿਆਦਾ ਗ੍ਰਾਹਕਾਂ ਨੂੰ ਸੇਵਾਵਾਂ ਦਿੰਦੀ ਹੈ । ਗ੍ਰਾਹਕਾਂ ਦੇ ਨਾਲ ਸਿੱਧੀ ਗੱਲਬਾਤ ਅਤੇ ਘੱਟ ਵਿਆਜ ਅਤੇ ਬਿਨਾਂ ਕਿਸੇ ਹਿਡਨ ਚਾਰਜ ਦੇ ਕਾਰਨ ਆਈਆਈਐਫਐਲ ਫਾਈਨਾਂਸ ਦੇ ਗ੍ਰਾਹਕ ਤੇ ਵਪਾਰ 'ਚ ਲਾਕਡਾਊਨ ਦੇ ਦੌਰਾਨ ਵੀ ਕਾਫੀ ਵਾਧਾ ਹੋਇਆ ਹੈ ।

# ਪੇਸਮੇਕਰ ਇੰਪਲਾਂਟੇਸ਼ਨ ਨਾਲ 19 ਸਾਲਾ ਮੁੰਡੇ ਨੂੰ ਮਿਲਿਆ ਨਵਾਂ ਜੀਵਨ




**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਵਾਰ-ਵਾਰ ਹੋਣ ਵਾਲੇ ਬੇਹੋਸ਼ੀ (ਰਿਕਰੰਟ ਸਿੰਕੋਪ) ਅਤੇ ਦਿਲ ਦੀ ਗਲਤ ਧੜਕਣ ਨਾਲ ਪੀੜ੍ਹਤ 19 ਸਾਲਾ ਮੁੰਡੇ ਦਾ ਹਾਲ ਹੀ 'ਚ ਆਈਵੀ ਹਸਪਤਾਲ, ਨਵਾਂਸ਼ਹਿਰ 'ਚ ਪੇਸਮੇਕਰ ਟਰਾਂਸਪਲਾਂਟ ਦੇ ਨਾਲ ਸਫਲਤਾਪੂਰਵਕ ਇਲਾਜ ਕੀਤਾ ਗਿਆ । ਮੁੰਡਾ ਇੱਥੇ ਇਲਾਜ ਕਰਵਾਉਣ ਦੇ ਲਈ ਕਨੇਡਾ ਤੋਂ ਆਇਆ ਸੀ ।ਕੰਸਲਟੈਂਟ ਕਾਰਡਿਓਲਾਜਿਸਟ ਡਾ. ਹਿਤੇਸ਼ ਗੁਰਜਰ ਨੇ ਕਿਹਾ ਕਿ ਮੁੰਡੇ ਨੂੰ ਦਿਲ ਦੀ ਗਲਤ ਧੜਕਣ ਨਾਲ ਪੀੜ੍ਹਤ ਪਾਇਆ ਗਿਆ ਸੀ ਅਤੇ ਉਸਦੀ ਪਲਸ ਰੇਟ ਘੱਟ ਸੀ ਅਤੇ ਹਾਰਟ ਬਲਾਕ ਸੀ । ਮੁੰਡੇ 'ਚ ਕੰਡਕਸ਼ਨ ਸਿਸਟਮ ਪੇਸਿੰਗ ਕੀਤਾ ਗਿਆ ਜਿਹੜੀ ਇੱਕ ਅਜਿਹੀ ਤਕਨੀਕ ਹੈ ਜਿਸ 'ਚ ਪੇਸਮੇਕਰ ਲੀਡ ਨੂੰ ਦਿਲ ਦੇ ਖੱਬੇ ਬੰਡਲ 'ਚ ਲਗਾਇਆ ਜਾਂਦਾ ਹੈ । ਇਹ ਤਕਨੀਕ ਦਿਲ ਦੇ ਰੋਗ (ਕਮਜੋਰ ਦਿਲ) ਦੇ ਵਿਕਾਸ ਨੂੰ ਰੋਕਦੀ ਹੈ ਜਿਹੜੀ ਆਮ ਪੇਸਮੇਕਰ ਟਰਾਂਸਪਲਾਂਟ ਦੇ ਮਾਮਲਿਆਂ @ਚ ਲੰਮੇਂ ਸਮੇਂ ਤੱਕ ਵਿਕਸਿਤ ਹੋ ਸਕਦਾ ਹੈ, ਡਾ. ਗੁਰਜਰ ਨੇ ਦੱਸਿਆ ।ਬੇਹੋਸ਼ੀ ਹਰ ਵਰਗ ਦੇ ਲੋਕਾਂ ਨੂੰ ਹੁੰਦੀ ਹੈ । ਹਾਲਾਂਕਿ ਨੌਜਵਾਨਾਂ @ਚ ਜਿਆਦਾਤਰ ਇਸਦੇ ਲੱਛਣ ਪਾਏ ਗਏ ਹਨ । ਬਿਨਾਂ ਕਿਸੇ ਸੰਕੇਤ ਦੇ ਹੋਣ ਵਾਲੀ ਬੇਹੋਸ਼ੀ ਘਾਤਕ ਹੋ ਸਕਦੀ ਹੈ । ਬੇਹੋਸ਼ੀ ਜਾਂ ਸਿੰਕੋਪ ਦਿਲ ਨੂੰ ਜਦੋਂ ਕਿਸੇ ਤਰ੍ਹਾਂ ਨੁਕਸਾਨ ਪਹੁੰਚਾਉਂਦਾ ਹੈ, ਤਾਂ ਦਿਲ ਦੇ ਖ਼ੂਨ ਨੂੰ ਬਿਹਤਰ ਤਰੀਕੇ ਨਾਲ ਪੰਪ ਕਰਨ ਦੀ ਸਮਰੱਥਾ ਨੂੰ ਪ੍ਰਭਾਵਿਤ ਕਰਦਾ ਹੈ, ਡਾ. ਗੁਰਜਰ ਨੇ ਦੱਸਿਆ ।